# ਅੰਮ੍ਰਿਤ ਕੀਰਤਨ



ਜੂਨ 1999 ◆ ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ ◆ ਮੁੱਲ : 10 ਰੁਪਏ

ੴ

# ਅੰਮ੍ਰਿਤ ਕੀਰਤਨ

ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 6 ◆ ਸਾਲ ਗਿਆਰਵਾਂ ◆ ਜੂਨ 1999


ਮਿਤ੍ਰ ਅਸਾੜੜੇ ਸੇਈ 2

ਕਰਉ ਬੇਨੰਤੀਆ 5

ਜਪੁ ਜੀ ਸਾਹਿਬ : ਇਹ ਬਾਣੀ ਮਹਾਂਪੁਰਖ ਕੀ 6
ਭਾਈ ਸਾਹਿਬ (ਪ੍ਰੋ.) ਸੁਖਚੈਨ ਸਿੰਘ

ਗੁਰੂ ਰਾਮ ਦਾਸ ਦੀ ਗੁਰਮਤਿ ਕਾਵਿ ਨੂੰ ਦੇਣ 12
ਪ੍ਰੋ. ਚਾਨਣ ਸਿੰਘ ਨਿਰਮਲ

ਆਮ ਵਿਅਕਤੀਆਂ ਦੀ ਤੁਲਨਾਂ ਵਿਚ ਸੰਗੀਤਕਾਰ ਦਾ ਦਿਮਾਗ 17
ਡਾ. ਮਨਵਿੰਦਰ ਕੌਰ

ਅੰਮ੍ਰਿਤ ਕੀ ਹੈ ? 18
ਸੰਤੋਖ ਸਿੰਘ ਚਾਵਲਾ

ਪ੍ਰੋ. ਚੰਨਣ ਸਿੰਘ 'ਸੇਵਕ' 20
ਰਵਿੰਦਰ ਕੌਰ

ਧੰਨੁ ਧੰਨੁ ਸਤਿਸੰਗਿ ਜਿਤੁ ਹਰਿ ਰਸ ਪਾਇਆ 22
ਰਮੇਸ਼ ਸਿੰਘ

ਕੈਸਟ ਸਮੀਖਿਆ 26
ਦਰਸ਼ਨ ਸਿੰਘ ਖੋਖਰ

Singing In Praise of The Lord 27
Devi Singh Naruka

ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ 31
ਮਨਮੋਹਨ ਸਿੰਘ

ਸੁਰ ਲਿਪੀਆਂ 34
ਪ੍ਰੋ. ਤਾਰਾ ਸਿੰਘ

ਗੁਰਮੁਖ ਢੂੰਡ ਢੂੰਢੇਦਿਆਂ (Free Matrimonial Service) 36


ਆਨਰੇਰੀ ਸੰਪਾਦਕ
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ.ਐਚ.ਡੀ.

ਕਾਰਜਕਾਰੀ ਸੰਪਾਦਕ
**ਡਾ. ਤ੍ਰਿਲੋਚਨ ਸਿੰਘ ਤਰਸੀ**

ਸਹਿਯੋਗੀ
**ਸ. ਹਰਭਜਨ ਸਿੰਘ ਚੌਪੜਾ**
**ਸ. ਜੋਤਿੰਦਰ ਸਿੰਘ ਸੋਹਲ**
**ਡਾ. ਕਰਨੈਲ ਸਿੰਘ ਸੋਮਲ**
**ਸ. ਉੱਤਮ ਸਿੰਘ**
**ਪ੍ਰੋ. ਸਤਵਿੰਦਰ ਸਿੰਘ**

ਚਿੱਤਰਕਾਰ
**ਗੁਰਦੀਪ ਸਿੰਘ ਦੀਪ**

ਲੇ ਆਊਟ
**ਸੋਹਲ ਸਪੈਸ਼ਲਸ**

**ਸਰਪ੍ਰਸਤ**
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ:)
1051, ਸੈਕਟਰ 27-ਬੀ, ਚੰਡੀਗੜ੍ਹ
ਫੋਨ : 650696

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ,
ਚੰਡੀਗੜ੍ਹ - 160 015

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐੱਸ.ਸੀ.ਐੱਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

## ਚੰਦੇ ਦਾ ਵੇਰਵਾ

**ਦੇਸ਼**

| | |
|---|---|
| ਇਕ ਕਾਪੀ | 10 ਰੁਪਏ |
| ਸਲਾਨਾ | 100 ਰੁਪਏ |
| ਜੀਵਨ ਮੈਂਬਰ (15 ਸਾਲ) | 1000 ਰੁਪਏ |

**ਵਿਦੇਸ਼**

| | |
|---|---|
| ਸਲਾਨਾ | 20 $ |
| ਜੀਵਨ ਮੈਂਬਰ (15 ਸਾਲ) | 200 $ |

## ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 3000 ਰੁਪਏ |
| ਕਵਰ ਦੇ ਅੰਦਰਲੇ ਪੰਨੇ | 2000 ਰੁਪਏ |
| ਸਾਧਾਰਨ ਪੂਰਾ ਪੰਨਾ | 1000 ਰੁਪਏ |

ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮਿਤ੍ਰ ਅਸਾਡੜੇ ਸੇਈ

★ ਪੰਜਾਬ ਤੇ ਦਿੱਲੀ ਤੋਂ ਬਾਦ ਸ਼ਾਇਦ ਬੰਬਈ ਇੱਕ ਐਸਾ ਸ਼ਹਿਰ ਹੈ ਜਿਥੇ ਸਿੱਖਾਂ ਦੀ ਗਿਣਤੀ ਬਹੁਤ ਹੈ। ਲੋਕਾਂ ਵਿੱਚ ਕੀਰਤਨ ਸੁਣਨ ਦਾ ਅਤੇ ਕੀਰਤਨ ਕਰਨ ਦਾ ਉਤਸ਼ਾਹ ਵੀ ਬਹੁਤ ਹੈ। ਮੈਨੂੰ ਐਸਾ ਮਹਿਸੂਸ ਹੁੰਦਾ ਹੈ ਕਿ ਅਗਰ ਆਪ ਕੀਰਤਨ ਸਿਖਾਣ ਦਾ ਕੋਈ ਇੰਸਟੀਚਿਊਟ ਇਥੇ ਸ਼ੁਰੂ ਕਰੋ ਤਾਂ ਚੰਗਾ ਹੁੰਗਾਰਾ ਮਿਲ ਸਕਦਾ ਹੈ। ਵਿਸਮਾਦ ਨਾਦ ਦੀ ਕੈਸਟ ਵਿੱਚ ਆਪ ਨੇ ਜੋ ਪ੍ਰਭਾਤੀ ਰਾਗ ਵਿੱਚ ਸ਼ਬਦ ਗਾਇਆ ਹੈ- "ਲੋਗਾ ਭਰਮ ਨ ਭੂਲੇ ਭਾਈ"।

ਬਹੁਤ ਅਨੰਦਦਾਇਕ ਹੈ। ਕੈਸੀ ਅਮੋਲਕ ਦਾਤ ਨਾਲ ਵਾਹਿਗੁਰੂ ਜੀ ਨੇ ਆਪ ਨੂੰ ਸ਼ਿੰਗਾਰਿਆ ਹੈ। ਧੰਨਤਾ ਦੇ ਯੋਗ ਹੋ! ਵਡਭਾਗੀ ਹੋ :

"ਵਡਭਾਗੀ ਹਰਿ ਕੀਰਤਨ ਗਾਈਐ।
ਪਾਰਬ੍ਰਹਮ ਤੂੰ ਦੇਹਿ ਤ ਪਾਈਐ।"

ਸਦਾ ਚੜ੍ਹਦੀ ਕਲਾ ਦੀ ਅਰਦਾਸ, ਸੱਚੇ ਸਤਿਗੁਰੂ ਪਾਸ।

*ਸਤਨਾਮ ਕੌਰ /ਮੁੰਬਈ*

★ ਅਪ੍ਰੈਲ ਦਾ ਅੰਕ ਬਹੁਤ ਹੀ ਕਾਬਿਲੇ ਤਾਰੀਫ ਸੀ। ਆਪ ਵਲੋਂ 'ਕਰਉ ਬੇਨੰਤੀਆਂ' ਵਿਚ ਦਿੱਤੀਆਂ ਤਿੰਨ ਸਾਖੀਆਂ ਅਤੇ ਭਗਵੰਤ ਸਿੰਘ ਦਲਾਵਰੀ ਦੇ ਲੇਖ 'ਖਾਲਸੇ ਦੀ 300 ਵੀਂ ਵਰ੍ਹੇ ਗੰਢ-ਕਾਹਦੀ ਖੁਸ਼ੀ ਮਨਾਈਏ' ਨੇ ਤਾਂ ਝੰਜੋੜ ਕੇ ਰੱਖ ਦਿੱਤਾ।

ਪ੍ਰਿੰਸੀਪਲ ਦਿਆਲ ਸਿੰਘ ਜੀ ਦਾ ਘਰ ਅਤੇ ਤਾਲ ਬਾਰੇ ਲੇਖ ਅਤੇ ਭਾਈ ਸੁਖਵਿੰਦਰ ਸਿੰਘ ਜੀ ਦਾ ਸ੍ਰੀ ਦਰਬਾਰ ਸਾਹਿਬ ਦੀ ਮਰਯਾਦਾ ਬਾਰੇ ਲੇਖ ਜਾਣਕਾਰੀ ਭਰਪੂਰ ਸਨ।

ਭਾਈ ਹਰਚਰਨ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਦੇ ਅਕਾਲ ਚਲਾਣੇ ਬਾਰੇ ਜਾਣ ਕੇ ਬਹੁਤ ਅਫਸੋਸ ਹੋਇਆ।

*ਪ੍ਰੋ. ਮੰਗਤ ਸਿੰਘ ਮਸਤਾਨਾ /ਮਲੋਟ*

★ ਅੰਮ੍ਰਿਤ ਕੀਰਤਨ ਵਿਚ 'ਕੀਰਤਨ ਸਮਰਾਟ ਭਾਈ ਸੰਤਾ ਸਿੰਘ ਜੀ' ਇੱਕ ਬਹੁਤ ਸੁੰਦਰ ਲੇਖ ਹੈ। ਸਤਿਕਾਰ ਯੋਗ ਭਾਈ ਸੰਤਾ ਸਿੰਘ ਜੀ ਦਾ ਸਾਡੇ ਪੂਜਨੀਕ ਪਿਤਾ ਜੀ ਗਿਆਨੀ ਸ਼ੇਰ ਸਿੰਘ ਜੀ ਨਾਲ ਬੜਾ ਪਿਆਰ ਸੀ। ਸਾਡੇ ਘਰਾਂ ਵਿਚ ਵਿਆਹ ਸ਼ਾਦੀਆਂ ਸਮੇਂ ਆਪ ਹੀ ਕੀਰਤਨ ਕਰਦੇ ਸਨ। ਸਾਡੇ ਪਿਤਾ ਜੀ ਦੇ ਚਲਾਣਾ ਕਰ ਜਾਣ ਤੋਂ ਬਾਦ ਵੀ ਆਪ ਸਾਨੂੰ ਪਿਆਰ ਬਖਸ਼ਦੇ ਰਹੇ ਹਨ। ਲੇਖ ਵਿਚ ਉਹਨਾਂ ਬਾਰੇ ਠੀਕ ਹੀ ਲਿਖਿਆ ਹੈ 'ਸਭ ਕੋ ਮੀਤ ਹਨ ਆਪਨ ਕੀਨਾ ਹਮ ਸਭਨਾਂ ਕੇ ਸਾਜਨਾਂ। ਭਾਈ ਸੰਤਾ ਸਿੰਘ ਜੀ ਦੇ ਮਨ ਵਿਚ ਗੁਰਬਾਣੀ ਕੀਰਤਨ ਪ੍ਰਤੀ ਬੜਾ ਸਤਿਕਾਰ ਸੀ। ਉਹਨਾਂ ਨੇ ਇੱਕ ਘਟਨਾਂ ਇਸ ਪ੍ਰਕਾਰ ਦੱਸੀ ਸੀ-"ਇੱਕ ਰਿਆਸਤ ਦੇ ਮਹਾਰਾਜਾ ਸਾਹਿਬ ਨੇ ਸਾਨੂੰ ਸੱਦਾ ਪੱਤਰ ਭੇਜਿਆ ਕਿ ਉਹ ਇੱਕ ਸਮਾਗਮ ਕਰਵਾ ਰਹੇ ਹਨ ਜਿਸ ਵਿਚ ਹੋਰ ਰਿਆਸਤਾਂ ਦੇ ਰਾਜੇ ਮਹਾਰਾਜੇ ਵੀ ਆ ਰਹੇ ਹਨ। ਉਹ ਚਾਹੁੰਦੇ ਸਨ ਕਿ ਅਸੀਂ ਉਸ ਸਮਾਗਮ ਵਿਚ ਕੀਰਤਨ ਕਰੀਏ। ਨਿਸਚਿਤ ਦਿਨ ਅਸੀਂ ਉਹਨਾਂ ਕੋਲ ਪੁੱਜ ਗਏ। ਮਹਿਲ ਦੇ ਇਕ ਹਾਲ ਵਿਚ ਸੋਫੇ ਲੱਗੇ ਹੋਏ ਸਨ। ਇੱਕ ਪਾਸੇ ਇੱਕ ਸਟੇਜ ਬਣੀ ਹੋਈ ਸੀ। ਹਾਲ ਵਿਚ ਕਾਫੀ ਰਾਜੇ ਮਹਾਰਾਜੇ ਅਤੇ ਹੋਰ ਲੋਕ ਬੈਠੇ ਹੋਏ ਸਨ। ਮਹਾਰਾਜਾ ਸਾਹਿਬ ਕਹਿਣ ਲੱਗੇ-'ਕੀਰਤਨ ਸੁਣਾਓ!' ਮੈਂ ਮਹਾਰਾਜਾ ਸਾਹਿਬ ਨੂੰ ਕਿਹਾ ਕਿ ਅਸੀ. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਤੋਂ ਬਿਨਾਂ ਕੀਰਤਨ ਨਹੀਂ ਕਰਾਂਗੇ।' ਮਹਾਰਾਜ ਸਾਹਿਬ ਨਾਲ ਥੋਹੜੀ ਤਲਖਕਲਾਮੀ ਵੀ ਹੋਈ। ਪਰ ਇੱਕ ਹੋਰ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਤੇ ਸਭ ਨੇ ਥੱਲੇ ਬੈਠ ਕੇ ਕੀਰਤਨ ਸੁਣਿਆ। ਕੀਰਤਨ ਸੁਣਨ ਤੋਂ ਮਹਾਰਾਜਾ ਸਾਹਿਬ ਅਤੇ ਉਹਨਾਂ ਦੇ ਮਿੱਤਰਾਂ ਨੇ ਸਾਡਾ ਧੰਨਵਾਦ ਕੀਤਾ ਅਤੇ ਕਿਹਾ ਕਿ ਕੀਰਤਨ ਦਾ ਅਜਿਹਾ ਆਨੰਦ ਕਦੀ ਨਹੀਂ ਆਇਆ। ਸਚਮੁੱਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ ਕਰਨ ਅਤੇ ਸੁਣਨ ਦਾ ਅਨੰਦ ਹੀ ਅਸਲੀ ਅਨੰਦ ਹੈ।" 'ਅੰਮ੍ਰਿਤ ਕੀਰਤਨ' ਵਿਚ ਭਾਈ ਸਾਹਿਬ ਬਾਰੇ ਲੇਖ ਪੜ੍ਹ ਕੇ ਉਪਰੋਕਤ ਘਟਨਾ ਯਾਦ ਆਈ। ਸਚਮੁੱਚ ਹੀ ਧੰਨਤਾਯੋਗ ਸਨ ਸਾਡੇ ਅਜਿਹੇ ਕੀਰਤਨੀਏ।

*ਟੀ. ਨਰਿੰਦਰਪਾਲ ਸਿੰਘ /ਨਵੀਂ ਦਿੱਲੀ*

★ 'ਅੰਮ੍ਰਿਤ ਕੀਰਤਨ' ਦਾ ਅਪ੍ਰੈਲ ਅੰਕ ਬੜਾ ਸੁੰਦਰ ਸੀ। ਜਿਵੇਂ ਵੰਨ ਸੁਵੰਨੇ ਸੁੰਦਰ ਫੁੱਲਾਂ ਦਾ ਗੁਲਦਸਤਾ ਹੋਵੇ। ਖਾਲਸਾ ਦੀ 300 ਸਾਲਾਂ ਸ਼ਤਾਬਦੀ ਨਾਲ ਸੰਬੰਧਤ ਵਿਚਾਰਾਂ ਨਾਲ ਬੜੇ ਪ੍ਰਸ਼ਨ ਖੜੇ ਹੋਏ ਹਨ। 'ਮਿਤ੍ਰ ਅਸਾਡੜੇ ਸੇਈ' ਵਿਚ ਪ੍ਰੋ. ਗੁਰਮੁਖ ਸਿੰਘ ਬਸੀਆਂ ਸਾਊਥਾਲ ਯੂ. ਕੇ. ਵਾਲਿਆਂ ਨੇ ਲਿਖਿਆ ਹੈ ਕਿ ਅਸਟ੍ਰੇਲੀਆ ਦੇ ਸ੍ਰ. ਦਇਆ ਸਿੰਘ ਨੇ ਇੱਕ ਸੀ. ਡੀ. ਤਿਆਰ ਕੀਤੀ ਹੈ ਜਿਸ ਵਿਚ ਪੱਛਮੀ ਢੰਗ ਵਿਚ ਗੁਰਬਾਣੀ ਦਾ ਗਾਇਨ ਕੀਤਾ ਹੈ। ਜਿਸ ਦੀ ਬੜੀ ਪ੍ਰਸੰਸਾ ਹੋ ਰਹੀ ਹੈ। ਉਹਨਾਂ ਇਹ ਵੀ ਕਿਹਾ ਹੈ ਕਿ ਗੁਰਬਾਣੀ ਨੂੰ ਵਿਸ਼ਵ-ਪੱਧਰ ਤੇ ਪ੍ਰਚਾਰਨ ਲਈ ਇਸੇ ਢੰਗ ਨਾਲ ਗਾਇਨ ਕਰਨ ਦੀ ਲੋੜ ਹੈ। ਇਸੇ ਅੰਕ ਦੇ ਵਿਚ ਇਕ ਲੇਖ ਸ੍ਰੀ ਹਰਿਮੰਦਰ ਸਾਹਿਬ ਵਿਚ ਅਗੰਮੀ ਬਾਣੀ ਦਾ ਕੀਰਤਨ ਪ੍ਰਵਾਹ ਅਤੇ ਮਰਯਾਦਾ' ਜੋ ਭਾਈ ਸੁਖਵਿੰਦਰ ਸਿੰਘ ਨੇ ਲਿਖਿਆ ਹੈ, ਪ੍ਰਕਾਸ਼ਿਤ ਹੋਇਆ ਹੈ। ਆਪ ਲਿਖਦੇ ਹਨ ਕਿ ਗੁਰਬਾਣੀ ਨੂੰ ਗੁਰਮਤਿ ਰੀਤ ਤਰੀਕੇ ਨਾਲ ਗਾਉਣਾ ਚਾਹੀਦਾ ਹੈ। ਅਜਿਹਾ ਕੀਰਤਨ ਹੀ ਵਾਹਿਗੁਰੂ ਜੀ ਦੀ ਹਜ਼ੂਰੀ ਵਿਚ ਲੈ ਜਾਂਦਾ ਹੈ। ਗੁਰਬਾਣੀ ਵਿਚ ਵੀ ਆਇਆ ਹੈ।

### ਸਹਿਜੇ ਗਾਵਿਆ ਥਾਇ ਪਵੈ

ਮੇਰੀ ਸਮਝ ਅਨੁਸਾਰ ਗੁਰੂ ਸਾਹਿਬਾਨ ਨੇ ਗੁਰਬਾਣੀ ਰਾਗਾਂ ਵਿੱਚ ਲਿਖੀ ਤੇ ਆਦੇਸ਼ ਵੀ ਕੀਤਾ ਕਿ ਇਸ ਦਾ ਗਾਇਨ ਰਾਗਾਂ ਵਿਚ ਕੀਤਾ ਜਾਵੇ। ਕੀਰਤਨ ਦੀ ਮਹੱਤਤਾ ਹੀ ਇਸ ਗੱਲ ਵਿਚ ਹੈ ਕਿ ਇਸ ਨੂੰ ਸੁਣਨ ਨਾਲ/ਕਰਨ ਨਾਲ ਮਨ ਦੀ ਸ਼ਾਂਤੀ ਦੀ ਅਵੱਸਥਾ ਬਣ ਜਾਂਦੀ ਹੈ ਤੇ ਜੀਵ ਇਸ ਦਾ ਆਨੰਦ ਮਾਣਦਾ ਹੈ। ਇਹ ਕਿੱਥੋਂ ਤੱਕ ਠੀਕ ਹੋਵੇਗਾ ਕਿ ਪੱਛਮੀ ਢੰਗ ਦੇ ਹੱਲਾ ਗੁੱਲਾ ਟਾਈਪ ਸੰਗੀਤ ਤੇ ਗੁਰਬਾਣੀ ਨੂੰ ਗਾਇਆ ਜਾਵੇ । ਕੀ ਇਸ ਨਾਲ ਮਨ ਦੀ ਸਹਿਜ ਅਵੱਸਥਾ ਕਾਇਮ ਰਹਿ ਸਕਦੀ ਹੈ? ਲੋੜ ਤਾਂ ਹੈ ਚੰਚਲ ਮਨ ਨੂੰ ਠਹਿਰਾਉ ਵਿਚ ਲਿਆਉਣ ਦੀ, ਨਾ ਕਿ ਚੰਚਲ ਮਨ ਦੀ ਚੰਚਲਤਾ ਅਨੁਸਾਰ ਆਪਣੀ ਚਾਲ ਬਦਲਣ ਦੀ। ਮੇਰਾ ਵਿਚਾਰ ਹੈ ਕਿ ਪੱਛਮੀ ਤਰੀਕੇ ਨਾਲ ਕੀਤਾ ਕੀਰਤਨ ਗੁਰਬਾਣੀ ਦੇ ਭਾਵਾਂ ਨੂੰ ਮਨ ਵਿਚ ਵਸਾਉਂਣ ਲਈ ਸਹਾਈ ਨਹੀਂ ਹੋਵੇ ਗਾ। ਮੇਰੀ ਬੇਨਤੀ ਹੈ ਕਿ ਦਇਆ ਸਿੰਘ ਪੱਛਮੀ ਨੌਜਵਾਨਾਂ ਵਿਚ ਪਾਪੂਲਰ ਹੋਣ ਲਈ ਉਹਨਾਂ ਦੀਆਂ ਮਨ ਵਿਰਤੀਆਂ ਨੂੰ ਗੁਰਬਾਣੀ ਵੱਲ ਲਿਆਉਣ ਲਈ ਜਤਨ ਕਰਨ। ਪੱਛਮੀ ਸਾਜਾਂ ਨੂੰ ਵਰਤਣ.ਦੇ ਮੈਂ ਵਿਰੁੱਧ ਨਹੀ ਪਰ ਉਹਨਾਂ ਦਾ ਗੁਰਬਾਣੀ ਜਾਂ ਰਾਗਾਂ ਵਿਚ ਗਾਇਣ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰਯੋਗ ਹੋਣਾ ਚਾਹੀਦਾ ਹੈ ਨਾ ਕਿ ਗੁਰਬਾਣੀ ਦੇ ਢੰਗ ਨੂੰ ਪੱਛਮੀ ਸਾਜਾਂ ਦੇ ਢੰਗ-ਤਰੀਕੇ ਅਨੁਸਾਰ ਗਾਉਣਾ ਚਾਹੀਦਾ ਹੈ। ਆਸ ਹੈ ਕਿ ਸਃ ਦਇਆ ਸਿੰਘ ਜੋ ਬੜੇ ਸਿਆਣੇ, ਸੁਲਝੇ ਅਤੇ ਪ੍ਰਤਿਭਾਸ਼ਾਲੀ ਗਾਇਕ ਹਨ, ਇਹਨਾਂ ਗੱਲਾਂ ਤੇ ਵਿਚਾਰ ਕਰਨਗੇ।

**ਐਨ. ਪੀ. ਸਿੰਘ /ਨਵੀਂ ਦਿੱਲੀ**

★ ਮਈ ਅੰਕ ਵਿੱਚ ਆਪ ਜੀ ਦਾ ਸੰਪਾਦਕੀ 'ਸੁਰ ਵਿੱਚ ਹੋਣਾ' ਬਹੁਤ ਵਧੀਆ ਲੱਗੀ। ਬਿਲਕੁਲ ਇਸੇ ਤਰ੍ਹਾਂ ਹੁੰਦਾ ਹੈ। ਸੁਰ ਵਿੱਚ ਗਾਉਣ ਵਾਲੇ ਵਿਰਲੇ ਹੀ ਹਨ। ਨਹੀਂ ਤਾਂ

*ਬਹੁ ਤਾਲ ਪੂਰੇ ਵਾਜੇ ਵਜਾਏ।*
*ਨਾ ਕੋ ਸੁਣੇ ਨ ਮੰਨਿ ਵਸਾਏ।*

ਵਾਲੀ ਗੱਲ ਹੀ ਹੁੰਦੀ ਹੈ। ਇਸ ਅੰਕ ਵਿੱਚ ਭਾਈ ਗੋਪਾਲ ਸਿੰਘ ਰਾਗੀ, ਸ੍ਰ. ਹਰਭਜਨ ਸਿੰਘ ਧਾਰੀਵਾਲ ਬਾਰੇ ਲੇਖ ਚੰਗੇ ਸਨ। ਪ੍ਰਿੰ. ਹਰਭਜਨ ਸਿੰਘ ਜੀ ਦਾ ਕੀਰਤਨ ਬਾਰੇ ਲੇਖ ਵੀ ਕਮਾਲ ਹੈ। ਸੁਰ ਲਿਪੀਆਂ ਕਾਬਲੇ ਤਾਰੀਫ ਹਨ।

***ਅਵਤਾਰ ਸਿੰਘ ਹੰਸ /ਸੰਗਰੂਰ***

★ 'ਖਾਲਸੇ ਦੀ 300ਵੀਂ ਵਰ੍ਹੇਗੰਢ: ਕਾਹਦੀ ਖੁਸ਼ੀ ਮਨਾਈਏ?' ਦਾ ਲੇਖ ਭਾਈ ਸਾਹਿਬ ਦਲਾਵਰੀ ਜੀ ਨੇ ਕਪਟ ਖੋਲਣ ਵਾਲਾ ਉਲੀਕਿਆ ਹੈ ਤੇ ਭਰਪੂਰ ਜਾਣਕਾਰੀ ਦੇ ਕੇ ਸਿੱਖ ਜਗਤ ਅਗੇ ਸਚਾਈ ਪੇਸ਼ ਕੀਤੀ ਹੈ। ਪੜ੍ਹਨ ਵਾਲਿਆਂ ਦੇ ਹਿਰਦਿਆਂ ਨੂੰ ਟੁੰਬਿਆ ਹੈ। ਅਜਿਹੇ ਲੇਖ ਅਤੀਅੰਤ ਜਰੂਰੀ ਹਨ। ਕਿਉਂਕਿ ਸਾਡੀ ਅਧੋਮਤੀ ਨਿਘਰ ਗਈ ਹੈ ਤੇ ਬਾਹਰਲੇ ਪਹਿਰਾਵੇ ਤੋਂ ਦਿਸਣ ਵਾਲੇ ਸਿੱਖਾਂ ਤੇ ਮੋਹਰੀ ਲੀਡਰਾਂ ਦੇ ਜੀਵਨ ਚਰਿਤਰ ਹੁਣ ਨੰਗਾ ਹੀ ਹੈ। ਅਸੀਂ ਸਰਬਤ ਦਾ ਭਲਾ ਕੀ ਮੰਗਣਾ ਹੈ ਜਦੋਂ ਸਿੱਖ ਦਾ ਸਿੱਖ ਹੀ ਵੈਰੀ ਹੈ। ਸਾਡੀ ਅਰਦਾਸ ਝੂਠੀ ਹੈ ਤੇ ਦਿਖਾਵੇ ਮਾਤਰ ਹੀ ਹੈ ਕਪਟਾਂ ਨਾਲ ਭਰੀ ਪਈ ਹੈ ਤਦੇ ਸਤਿਗੁਰੂ ਨੂੰ ਮਨਜੂਰ ਨਹੀਂ ਹੁੰਦੀ। ਦਲਾਵਰੀ ਜੀ ਨੇ ਕੌੜਾ ਸੱਚ ਆਖਕੇ ਬਹੁਤ ਵੱਡਾ ਫਰਜ ਨਿਭਾਇਆ ਹੈ। ਦਾਸ ਵਲੋਂ ਉਨ੍ਹਾਂ ਨੂੰ ਵਧਾਈ ਦੇਣ ਦੀ ਖੇਚਲ ਕਰਨੀ।

ਭਾਈ ਸੁਖਵਿੰਦਰ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਅਗੰਮੀ ਬਾਣੀ ਦਾ ਕੀਰਤਨ ਪ੍ਰਵਾਹ ਅਤੇ ਮਰਯਾਦਾ ਦੀ ਜੋ ਜਾਣਕਾਰੀ ਦਿਤੀ ਹੈ। ਉਸਨੂੰ ਪੜ੍ਹਕੇ ਆਪਣੇ ਵਿਰਸੇ ਦੀ ਚਲੀ ਆ ਰਹੀ ਉੱਚਤਾ ਦਾ ਗਿਆਨ ਪ੍ਰਬੋਧ ਹੋਇਆ ਇਸ ਸੱਚਖੰਡ ਵਿਚੋਂ ਤਾਂ ਉਚ ਕੋਟੀ ਦੇ ਕੀਰਤਨੀਆਂ ਵਲੋਂ ਕੀਰਤਨ ਹੋਣਾ ਜਰੂਰੀ ਹੈ ਜੋ ਅਜੇ ਬਹੁਤ ਘੱਟ ਹੈ। ਦਾਸ ਨੇ SGPC ਨੂੰ ਸੁਝਾਅ ਦਿਭਾ ਸੀ ਕਿ ਅਕਾਸ਼ਵਾਣੀ ਦਾ ਪੂਰਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ ਤੇ ਸਾਡਾ ਕੀਰਤਨ ਪ੍ਰੋਗਰਾਮ ਐਸਾ ਖਿਚਵਾਂ ਹੋਵੇ ਕਿ ਘਰ ਘਰ ਇਸ ਕੀਰਤਨ ਨੂੰ ਸੁਣਨ ਲਈ ਬੇਤਾਬ ਤੇ ਉਤਾਵਲਾ ਹੋਵੇ ਤੇ ਤੁਸੀਂ ਕੀਰਤਨੀ ਜਥਿਆਂ ਨੂੰ ਭਰਪੂਰ ਮਾਇਆ ਭੀ ਦਿਓ ਤਾਂ ਜੋ ਉਹ ਅਪਣੀ ਡਿਊਟੀ ਫਖਰ ਤੇ ਮਾਣ ਨਾਲ ਕਰ ਸਕਣ। ਉਹ ਪਾਡਿਆਂ ਵਾਂਗ ਹੱਥ ਨਾ ਅੱਡਣ। ਪਰ ਅਜੇ ਕੁਝ ਨਹੀਂ ਹੋਇਆ।

ਪ੍ਰਿੰ. ਹਰਭਜਨ ਸਿੰਘ ਜੀ ਦਾ ਲੇਖ ਕੀਰਤਨ ਦਾ ਸਰੂਪ ਤੇ ਸਥਾਨ ਪੜ੍ਹਕੇ ਬਹੁਤ ਅਨੰਦ ਆਇਆ ਤੇ ਭਰਪੂਰ ਜਾਣਕਾਰੀ ਹੋਈ। ਪੜ੍ਹਨ ਵਾਲੇ ਜਰੂਰ ਅੰਦਰ ਝਾਤੀ ਮਾਰਨਗੇ ਕਿ ਕੀਰਤਨ ਕਿੰਨਾ ਮਹਾਨ ਹੈ ਤੇ ਕੀ ਕਰ ਸਕਦਾ ਹੈ। ਇਹ ਇੱਕ ਐਸੀ ਸ਼ਕਤੀ ਹੈ ਜੋ ਦਰਗਾਹ ਤੋਂ ਸਤਿਗੁਰਾਂ ਦੁਆਰਾ ਆਈ ਤੇ ਇਸ ਆਸ਼ਿਕ ਨੂੰ ਇਹ ਦਰਗਾਹ (ਸੱਚਖੰਡ) ਹੀ ਲੈ ਜਾਂਦੀ ਹੈ। ਜਦੋਂ ਤੀਕ ਕੀਰਤਨੀਆਂ ਖੁਦ ਵਜਦ ਵਿੱਚ ਆ ਕੇ ਗਾਇਨ ਨਹੀਂ ਕਰਦਾ ਤਾਂ ਸੰਗਤ ਵਜਦ ਵਿੱਚ ਨਹੀਂ ਆ ਸਕਦੀ ਪਹਿਲਾਂ ਉਸ ਨੂੰ ਅਨੰਦਤ ਹੋਣਾ ਪਵੇਗਾ। ਜਿਸ ਪਾਸ ਇਹ

ਰੱਬੀ ਦਾਤ ਹੈ ਤੇ ਨਿਸ਼ਕਾਮ ਸੇਵਾ ਕਰਦਾ ਹੈ ਰੱਬ ਉਸ ਜੇਬ ਵਿੱਚ ਹੀ ਹੈ ਪਰ ਵਿਰਲਾ ਹੀ ਅਜਿਹਾ ਹੋ ਸਕਦਾ ਹੈ।

ਜੇਕਰ ਅਜਿਹੇ ਲੇਖ ਸੰਗਤਾਂ ਨੂੰ ਉਪਲੱਬਧ ਹੁੰਦੇ ਰਹੇ ਤਾਂ ਆਪ ਜੀ ਦੀ ਮਾਸਿਕ ਪੱਤਰਕਾ ਰਾਗ ਵਿਦਿਆ ਵਿੱਚ ਸਭ ਤੇ ਉਤਮ ਹਰਿ ਕੀ ਕਥਾ ਦਾ ਦਰਜਾ ਪ੍ਰਾਪਤ ਕਰੇਗਾ। ਦਾਸ ਤਾਂ ਰਾਮ ਦੀ A,B,C ਭੀ ਨਹੀਂ ਜਾਣਦਾ ਪਰ ਜਹਿਰੀਲੇ ਸੱਪ ਵਾਂਗ ਇਸ ਤੇ ਮਸਤ ਜਰੂਰ ਹੁੰਦਾ ਹੈ ਤਾਂ ਜੋ ਪੰਜ ਚੋਰਾਂ ਵਾਲੀ ਵਿਸ ਖਤਮ ਹੋ ਜਾਵੇ।

ਪ੍ਰੋ. ਜਗਜੀਤ ਸਿੰਘ ਜੀ ਜਾਬ ਵਾਲੇ ਦਾ ਲੇਖ "ਰੱਬ ਨੇ ਜਿਸ ਨੂੰ ਚੁਣਿਆ" ਪੜ੍ਹਿਆ ਤੇ ਝਾਤ ਪਈ ਕਿ ਅਸਲੀਅਤ ਵਿੱਚ ਅਸੀਂ ਅਪਣੇ ਧਰਮ ਦੀ ਕਦਰ ਹੀ ਨਹੀਂ ਪਾਈ ਤੇ ਪਰਚਾਰਨ ਵਾਲੀ ਗਲ ਤਾਂ ਬਹੁਤ ਦੂਰ ਹੈ। ਜੋ ਪੂਰਨੇ ਸਤਿਗੁਰਾਂ ਦਸਾਂ ਪਾਤਸ਼ਾਹੀਆਂ ਦੇ ਸਰੂਪ ਵਿੱਚ ਪੰਜਾਬ ਦੀ ਧਰਤੀ ਨੂੰ ਪਰਦਾਨ ਕੀਤੇ ਅੱਜ ਉਨ੍ਹਾਂ ਪਰਉਪਕਾਰਾਂ ਤੇ ਗਿਆਨ ਪ੍ਰਕਾਸ਼ ਤੋਂ ਅਸੀਂ ਲਾਂਭੇ ਹੁੰਦੇ ਜਾ ਰਹੇ ਹਾਂ।

***ਭਗਵੰਤ ਸਿੰਘ (ਸੁੱਥਰੇ-ਸ਼ਾਹੀ)/ VPO ਦਾਓਂ (ਰੋਪੜ)***

★ Thank you very much for your letter which I received just now. I am glad you are doing a great deal of good work.

I am enclosing herewith a cheque for Rs. 1000/- as donation to the Trust. With warm regards.

***Maj. Gen. Joginder Singh /New Delhi***

## ਪ੍ਰਸ਼ਨਾਵਲੀ : ਜੂਨ 1999

*ਨੋਟ: ਕੁੱਝ ਕਾਰਨਾਂ ਕਰਕੇ ਪ੍ਰਸ਼ਨਾਵਲੀ ਵਾਲਾ ਕਾਲਮ ਬੰਦ ਸੀ। ਮੁੜ ਸ਼ੁਰੂ ਕਰ ਰਹੇ ਹਾਂ।*

1. 'ਅੰਮ੍ਰਿਤ ਕੀਰਤਨ' ਵਿਚ ਤੁਹਾਨੂੰ ਕਿਹੜਾ ਕਾਲਮ ਪਸੰਦ ਹੈ।
   - ੳ - ਮਿਤਰ ਅਸਾਡੜੇ ਸੇਈ
   - ੲ - ਸੁਰਲਿਪੀਆਂ
   - ਅ - ਕਰਉ ਬੇਨੰਤੀਆ
   - ਸ - ਗੁਰਮੁਖ ਢੂਢ ਢੂਢੇਦਿਆਂ
2. ਇਸ ਸਾਲ ਦੇ ਪਿਛਲੇ ਅੰਕਾਂ ਵਿਚ ਤੁਹਾਨੂੰ ਕਿਹੜੇ-ਕਿਹੜੇ ਲੇਖ ਚੰਗੇ ਲੱਗੇ ਅਤੇ ਕਿਉਂ?
3. 'ਅੰਮ੍ਰਿਤ ਕੀਰਤਨ' ਵਿਚ ਇਸ ਸਾਲ ਦੇ ਪਿਛਲੇ ਅੰਕਾਂ ਵਿਚ ਤੁਹਾਨੂੰ ਕਿਹੜੇ ਲੇਖ ਚੰਗੇ ਨਹੀਂ ਲੱਗੇ ਅਤੇ ਕਿਉਂ?
4. 'ਅੰਮ੍ਰਿਤ ਕੀਰਤਨ' ਦੇ ਇਸ ਸਾਲ ਦੇ ਪਿਛਲੇ ਅੰਕਾਂ ਵਿਚ ਤੱਥਾਂ ਜਾਂ ਸ਼ਬਦ ਜੋੜਾਂ ਦੀਆਂ ਕਿਹੜੀਆਂ ਗਲਤੀਆਂ ਸਨ?
5. 'ਅੰਮ੍ਰਿਤ ਕੀਰਤਨ' ਵਿਚ ਤੁਸੀਂ ਹੋਰ ਕਿਹੜੇ-ਕਿਹੜੇ ਕਾਲਮ ਚਾਹੁੰਦੇ ਹੋ।

ਆਪ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਉੱਤਰ ਭੇਜਣ ਦੀ ਕਿਰਪਾ ਕਰਨੀ। ਆਉਂਦੇ ਅੰਕਾਂ ਵਿਚ ਉੱਤਰ ਛਾਪਣ ਦੀ ਕੋਸ਼ਿਸ਼ ਕਰਾਂਗੇ।

ਸੰਪਾਦਕ


*With compliments from*

**J.P. Singh**

**MODERN GASKET INDUSTRIES**

Manufacturers of : All Types of Head Gaskets & Silencer Gaskets for 2 & 3 Wheelers
Specialists in : Export Quality Gaskets

Factory :
B-966, Shastri Nagar,
Near Sarai Rohaila, Delhi 110 052
Phone : 7521131, 515966 (PP)

Office :
1573/31, Naiwala, Karol Bagh,
New Delhi 110 005
Phone : 5715518

# ਕਰਉ ਬੇਨੰਤੀਆ

## ਕੁਝ ਮਹਤੱਵਪੂਰਨ-ਕਥਨ

ਇਸ ਮਹੀਨੇ ਲਈ ਸੰਪਾਦਕੀ ਲਿਖਣ ਲਈ ਕੁਝ ਨਹੀਂ ਸੁਝ ਰਿਹਾ। ਇੱਕ ਡਾਇਰੀ ਵਿੱਚ ਅੰਗਰੇਜੀ ਦੇ ਕੁਝ ਕਥਨ ਪੜ੍ਹੇ ਹਨ। ਮੈਨੂੰ ਚੰਗੇ ਲੱਗੇ ਹਨ। ਤੁਹਾਡੇ ਨਾਲ ਸਾਂਝੇ ਕਰ ਰਿਹਾ ਹਾਂ:

* " Well done" is better than "well said".
* The best advertising is to give your customers a quality service.
* Anger is one letter short of danger.
* Having the right attitude is something more important than knowledge or skill.
* Never kill imagination, encourage it to grow.
* Improvement always begins with ' I '.
* Never negotiate out of fear, but never fear to negotiate.
* Never put off to tomorrow, anything that can be done today.
* People stumble not on mountains but on small stones.
* People may doubt what you say, but they will always believe what you do.
* Life is like a mirror- it never reflects more than we can put into it.
* The best thing you can save for your old age is yourself.
* Challenges can be stepping stone or stumbling blocks. It's just a matter of how you view them.
* Keep your fears to yourself but share your courage with others.
* It is nice to be important, but it is more important to be nice.
* The more words you use the less people remember.
* Respect cannot come from force it must be won.

ਸੁਭ ਇਛਾਵਾਂ ਸਹਿਤ

# ਜਪੁ ਜੀ ਸਾਹਿਬ : ਇਹ ਬਾਣੀ ਮਹਾਂਪੁਰਖ ਕੀ

**ਭਾਈ ਸਾਹਿਬ (ਪ੍ਰੋ.) ਸੁਖਚੈਨ ਸਿੰਘ ***

ਜਪੁ ਜੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ। ਇਸ ਰਾਗ ਮੁਕਤ ਬਾਣੀ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਪਹਿਲਾ ਸਥਾਨ ਪ੍ਰਾਪਤ ਹੈ। ਇਸ ਵਿਲੱਖਣ ਬਾਣੀ ਵਿਚ ਇਕ ਓਅੰਕਾਰ ਦਾ ਵਿਸਥਾਰ ਸਹਿਤ ਅਰਥ ਦਿੰਦੇ ਹਨ। ਮੂਲ ਮੰਤ੍ਰ ਅਤੇ ਮੰਗਲਾ ਚਰਣ ਜਿਨ੍ਹਾਂ ਦਾ ਅੱਗੇ ਵਿਸਥਾਰ ਕਰਦੀਆਂ ਹਨ ਜਪੁ ਜੀ ਸਾਹਿਬ ਦੀਆਂ ਅਠੱਤੀ ਪਉੜੀਆਂ ਅਤੇ ਅੰਤਮ ਸਲੋਕ।

ਵਿਦਵਾਨਾਂ ਦਾ ਇਹ ਵਿਚਾਰ ਬਿਲਕੁਲ ਸਹੀ ਪ੍ਰਤੀਤ ਹੁੰਦਾ ਹੈ ਕਿ ਜਪੁ ਜੀ ਸਾਹਿਬ ਤੋਂ ਅੱਗੇ ਜਿਤਨੀ ਵੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਹੈ ਉਹ ਜਪੁ ਜੀ ਸਾਹਿਬ ਦਾ ਹੀ ਭਿੰਨ-ਭਿੰਨ ਪੱਖਾਂ ਤੋਂ ਵਿਸਥਾਰ ਹੈ। ਇਸ ਤਰ੍ਹਾਂ ਜਪੁ ਜੀ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਮੁੱਚੀ ਬਾਣੀ ਦਾ ਮੂਲ ਆਧਾਰ ਹੈ। ਇਹ ਬਾਣੀ "ਬਾਣੀ ਸਿਰ ਬਾਣੀ" ਹੈ ਅਤੇ ਬਹੁਤ ਹੀ ਗੰਭੀਰ ਬਾਣੀ ਹੈ। ਗੁਰਮਤਿ ਦੇ ਬੁਨਿਆਦੀ ਫਲਸਫਿਆਂ ਨੂੰ ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੀ ਇਹ ਬਾਣੀ ਇੱਕ ਹੀਰੇ ਦੀ ਨਿਆਈਂ ਅਲੱਗ-ਅਲੱਗ ਪੱਖਾਂ ਤੋਂ ਰੁਸ਼ਨਾਉਂਦੀ ਹੋਈ ਉਜਾਗਰ ਕਰਦੀ ਹੈ। ਇਹਨ੍ਹਾਂ ਅਲੱਗ-ਅਲੱਗ ਪੱਖਾਂ ਦਾ ਵਿਸਥਾਰ ਨਿਮਨ ਲਿਖਤ ਸਿਰਲੇਖਾਂ ਹੇਠ ਕੀਤਾ ਜਾ ਸਕਦਾ ਹੈ।

ਅਕਾਲ ਪੁਰਖ ਦੇ ਸਰੂਪ ਦੀ ਲਖਾਇਕ :-

ਜਪੁ ਜੀ ਸਾਹਿਬ ਦਾ ਪ੍ਰਾਰੰਭਕ ਮੂਲ ਮੰਤ੍ਰ ਅਕਾਲ ਪੁਰਖ ਦੇ ਸੂਖਸ਼ਮ ਸਰੂਪ ਦੇ ਦਰਸ਼ਨ ਕਰਵਾਉਂਦਾ ਹੈ। ਇਹ ਵੀ ਦਰਸਾਉਂਦਾ ਹੈ ਕਿ ਅਕਾਲ ਪੁਰਖ ਕੇਵਲ ਇੱਕ ਹਨ ਜੋ ਸਦੀਵ ਹੋਂਦ ਦੇ ਮਾਲਕ ਹਨ। ਓਕਾਰਨ ਆਕਾਰ ਅਤੇ ਮਾਕਾਰ ਦੀਆਂ ਰਜੋ ਗੁਣੀ, ਸਤੋ ਗੁਣੀ ਅਤੇ ਤਮੋ ਗੁਣੀ ਸ਼ਕਤੀਆਂ ਦੇ ਮਾਲਕ ਅਕਾਲ ਪੁਰਖ ਆਪ ਹੀ ਹਨ ਜਿਨ੍ਹਾਂ ਨੂੰ ਪ੍ਰੰਪਰਾ ਵਿਚ ਕ੍ਰਮਵਾਰ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦਾ ਨਾਮ ਦਿੱਤਾ ਗਿਆ ਹੈ। ਅਕਾਲ ਪੁਰਖ ਦਾ ਨਾਮ ਕਦੇ ਨਾ ਬਦਲਣ ਵਾਲਾ ਸਜੀਵ ਹੋਂਦ ਵਾਲਾ ਅਤੇ ਸਦਾ ਥਿਰ ਬਹਿਣ ਵਾਲਾ ਸੱਚ ਹੋਣ ਕਰਕੇ ਸਤਿਨਾਮੁ ਹੈ। ਅਕਾਲ ਪੁਰਖ ਸਰਬੱਤ ਪਸਾਰਿਆਂ ਦੇ ਰਚਣਹਾਰ ਸ਼ੁੱਧ ਸਰੂਪ ਪਰਮਾਤਕ ਜੋਤ ਕਰਤਾ ਪੁਰਖ ਹਨ। ਉਹ ਜੋ ਵੀ ਰਚਦੇ ਹਨ ਉਸ ਵਿੱਚ ਆਪਣੀ ਜੋਤ ਦੀ ਹੋਂਦ ਪਾ ਦੇਂਦੇ ਹਨ, ਉਹ ਤਾਂ ਆਪਣੀ ਬਣਾਈ ਰਚਨਾ ਵਿਚ ਰਮ ਜਾਂਦੇ ਹਨ। ਇਸ ਕਰਕੇ ਉਹ ਅਲੌਕਿਕ ਕਰਤਾ ਪੁਰਖ ਹਨ।

ਨਾ ਕੋਈ ਅਕਾਲ ਪੁਰਖ ਤੋਂ ਉੱਪਰ ਹੇ ਅਤੇ ਨਾ ਹੀ ਉਨ੍ਹਾਂ ਦੇ ਸਮਾਨ ਹੇ। ਇਸ ਕਰਕੇ ਕਰਤਾ ਪੁਰਖ ਪ੍ਰਮਾਤਮਾ ਨਾ ਕਿਸੇ ਦੇ ਹੁਕਮ ਹੇਠ ਹਨ ਅਤੇ ਨਾ ਹੀ ਕੋਈ ਉਨ੍ਹਾਂ ਦੀ ਬਰਾਬਰੀ ਕਰਨ ਵਾਲਾ ਸ਼ਰੀਕ ਹੈ। ਇਸ ਤਰ੍ਹਾਂ ਅਕਾਲ ਪੁਰਖ ਨਿਰਭਉ ਹਨ।

ਕਿਉਂਕਿ ਆਪਣੀ ਬਣਾਈ ਹੋਈ ਰਚਨਾ ਨੂੰ ਰਚਣਹਾਰ ਕੇਵਲ ਪਿਆਰ ਹੀ ਕਰਦਾ ਹੈ। ਇਸ ਲਈ ਪਰਮਾਤਮਾ ਸਮਸਤ ਰਚਨਾ ਦੇ ਰਚਨਹਾਰ ਹੋਣ ਕਰਕੇ ਸਭ ਨੂੰ ਪਿਆਰ ਕਰਦੇ ਹਨ। ਉਨ੍ਹਾਂ ਦੇ ਮਨ ਵਿਚ ਕਿਸੇ ਵਾਸਤੇ ਵੀ ਦਵੈਤ ਭਾਵ ਨਹੀਂ ਹੈ। ਤਾਂ ਤੇ ਅਕਾਲ ਪੁਰਖ ਨਿਰਵੈਰ ਹਨ ਅਤੇ ਕੇਵਲ ਪ੍ਰੇਮ ਦਾ ਹੀ ਸ਼ੁੱਧ ਸਰੂਪ ਹਨ।

ਅਕਾਲ ਪੁਰਖ ਵਾਹਿਗੁਰੂ ਅਕਾਲ ਮੂਰਤਿ ਹਨ। ਉਨ੍ਹਾਂ ਦੀ ਸਦਾਚਿਤ ਅਨੰਦ ਬ੍ਰਹਮ ਸਰੂਪ ਸਮੇਂ ਦੇ ਅਸਰ ਤੋਂ ਮੁਕਤ ਹੈ। ਉਨ੍ਹਾਂ ਦਾ ਕੋਈ ਬਚਪਨ, ਕੋਈ ਜਵਾਨੀ ਅਤੇ ਕੋਈ ਬਿਰਧ ਅਵਸਥਾ ਨਹੀਂ ਹੈ। ਉਨ੍ਹਾਂ ਦੀ ਕਦੇ ਵੀ ਮੌਤ ਨਹੀਂ ਹੈ, ਉਹ ਸਦਾਚਿਰ, ਸਦਾਥਿਰ ਰਹਿਣ ਵਾਲੀ ਅਮਰ ਹਸਤੀ ਵਾਲੇ ਹਨ।

ਅਕਾਲ ਪੁਰਖ ਵਾਹਿਗੁਰੂ ਅਕਾਲ ਮੂਰਤਿ ਹਨ। ਉਹ ਨਾ ਤਾਂ ਜਨਮ ਧਾਰਨ ਕਰਦੇ ਹਨ ਅਤੇ ਨਾ ਹੀ ਕਦੇ ਮਰਦੇ ਹਨ। ਤਾਂ ਤੇ ਅਕਾਲ ਮੂਰਤਿ ਹੋਣ ਦੇ ਨਾਲ-ਨਾਲ ਉਹ ਅਜੂਨੀ ਹਨ।

ਅਕਾਲ ਪੁਰਖ ਦਾ ਕਦੇ ਵੀ ਮਾਤਾ-ਪਿਤਾ ਦੇ ਸੰਜੋਗ ਰਾਹੀਂ ਜਨਮ ਨਹੀਂ ਹੁੰਦਾ। ਉਹ ਆਪਣੇ ਆਪ ਤੋਂ ਹੀ ਹੋਂਦ ਵਾਲੇ ਹਨ। ਉਹ ਸਵੈ ਪ੍ਰਕਾਸ਼ ਹਨ, ਸਵਯੰਭੂ ਹਨ। ਤਾਂ ਤੇ ਸੈਭੰ ਹਨ।

ਐਸੇ ਪਰਮ ਕ੍ਰਿਪਾਲੂ ਅਕਾਲ ਪੁਰਖ ਦੇ "ਸਤਿ ਸੁਹਾਣ ਸਦਾ ਮਨ ਚਾਉ" ਵਾਲੇ ਸ਼ੁੱਧ ਬ੍ਰਹਮ ਸਰੂਪ ਨੂੰ ਕੇਵਲ ਗੁਰੂ ਦੀ ਕ੍ਰਿਪਾ "ਗੁਰ ਪ੍ਰਸਾਦਿ" ਨਾਲ ਹੀ ਜਾਣਿਆ ਜਾ ਸਕਦਾ ਹੈ।

ਐਸੇ ਸ਼ੁਭ ਸਦਗੁਣਾ ਦੇ ਧਾਰਨੀ ਅਕਾਲ ਪੁਰਖ ਦਾ ਪਵਿੱਤਰ ਨਾਮ ਜਪਣ ਅਤੇ ਜਪਾਉਣ ਦਾ ਹੁਕਮ ਹੀ ਜਗਿਆਸੂ ਜੀਵ ਆਤਮਾ ਵਾਸਤੇ ਮੁਕਤੀ ਮਾਰਗ

* ਮੁਖੀ ਸੇਵਕ, ਨਿਰਬਾਨ ਕੀਰਤਨ ਸੇਵਾ ਕੇਂਦਰ, ਨੇੜੇ ਤੇਜਬਾਗ ਕਾਲੋਨੀ, ਸਨੌਰ ਰੋਡ, ਪਟਿਆਲਾ-141 001

ਉੱਤੇ ਚਲਣ ਦੀ ਵਿਧੀ ਹੈ। ਜਿਸਦਾ ਸਾਕਾਰ ਰੂਪ ਇਸ ਬਾਣੀ ਵਿਚ ਦਿੱਤਾ ਗਿਆ ਹੈ, ਜਿਸਦਾ ਨਾਮ ਹੈ "ਜਪੁ", ਜਿਸਦਾ ਪੁਰਾਤਨ ਨਾਮ 'ਜਪੁ ਨੀਸਾਣੁ' ਕਿਹਾ ਜਾਂਦਾ ਸੀ ਅਤੇ ਜਿਸਨੂੰ ਹੁਣ ਅਸੀਂ ਸਤਿਕਾਰ ਸਹਿਤ ਜਪੁ ਜੀ ਸਾਹਿਬ ਕਹਿੰਦੇ ਹਾਂ।

ਜਿਸ ਸਰਬ ਗੁਣ ਸੰਪੰਨ ਪਰਮਾਤਮਾ ਦੀ ਇਸ ਜਪੁ ਜੀ ਸਾਹਿਬ ਬਾਣੀ ਵਿਚ ਉਪਮਾ ਕੀਤੀ ਗਈ ਹੈ, ਉਹ ਸਦਾ ਹੀ ਸੱਚ ਹਨ। ਉਹ ਉਦੋਂ ਵੀ 'ਆਦਿ ਸਚੁ' ਸਨ ਜਦੋਂ ਕੋਈ ਵੀ ਪਸਾਰ ਨਹੀਂ ਰਚਿਆ ਗਿਆ ਅਤੇ ਅਰਬਦ ਨਰਬਦ ਜੁਗਾਂ ਤੱਕ ਕੇਵਲ ਧੁੰਧੂਕਾਰਾ ਹੀ ਸੀ ਅਤੇ ਜਦੋਂ ਪਰਮਾਤਮਾ ਕੇਵਲ ਸੁੰਨ ਸਮਾਧ ਦੀ ਅਵਸਥਾ ਵਿਚ ਸਨ। ਜਦੋਂ ਅਕਾਲ ਪੁਰਖ ਜੀ ਨੇ ਰਚਨਾ ਦਾ ਫੁਰਨਾ ਕੀਤਾ ਤਾਂ "ਕੀਤਾ ਪਸਾਉ ਏਕੋ ਕਵਾਉ" ਦੀ ਬਖਸ਼ਿਸ਼ ਨਾਲ ਕਰੋੜਾਂ ਹੀ ਬ੍ਰਹਮੰਡਾਂ ਦਾ ਪਸਾਰਾ ਰਚਿਆ ਗਿਆ। ਐਸੇ ਬ੍ਰਹਮ ਪਸਾਰੇ ਦੇ ਪ੍ਰਾਰੰਭ ਸਮੇਂ ਵੀ ਅਕਾਲ ਪੁਰਖ 'ਜੁਗਾਦਿ ਸਚੁ' ਸਨ ਜਦੋਂ ਕਿ ਜੁਗਾਂ ਦਾ ਆਰੰਭ ਹੋਇਆ। ਸਦਾ ਨਿਰੰਤਰ ਚਾਲ ਚਲਦੇ ਹੋਏ ਵਰਤਮਾਨ ਦੇ ਹਰ ਪਲ ਵਿਚ ਅਕਾਲ ਪੁਰਖ ਸੱਚ ਹਨ:-

"ਹੈ ਭੀ ਸਚੁ" ਅਤੇ ਭਵਿੱਖ ਕਾਲ ਵਿਚ ਵੀ ਪਰਮਾਤਮਾ ਸਦਾ ਹੀ ਸੱਚ ਰਹਿਣਗੇ। ਤਾਂ ਤੇ ਹੇ ਨਾਨਕ! ਪਰਮਾਤਮਾ "ਹੋਸੀ ਭੀ ਸਚੁ॥" ਐਸਾ ਅਦੁੱਤੀ ਵਰਣਨ ਹੈ ਅਕਾਲ ਪੁਰਖ ਦੇ ਸੁੰਦਰ ਸੂਖਸ਼ਮ ਸਰੂਪ ਦਾ ਜਪੁ ਜੀ ਸਾਹਿਬ ਵਿੱਚ।

**ਜੀਵਨ ਜਾਚ ਦੀ ਨਿਰਦੇਸ਼ਕ:-**

ਜਪੁ ਜੀ ਸਾਹਿਬ ਮਨੁੱਖ ਮਾਤ੍ਰ ਦੇ ਕਲਿਆਣ ਵਾਸਤੇ ਅੰਮ੍ਰਿਤਮਈ ਬਾਣੀ ਹੈ। ਇਹ ਗੁਰਬਾਣੀ ਮਨੁੱਖ ਨੂੰ ਸਚਿਆਰਾ ਹੋ ਕੇ ਜੀਊਣ ਦੀ ਜੀਵਨ ਜਾਚ ਦੱਸਦੀ ਹੈ। ਇਹ ਗੁਰਬਾਣੀ ਹੀ ਜਗਿਆਸੂ ਨੂੰ ਬੋਧ ਬਖਸ਼ਦੀ ਹੈ ਕਿ ਜੇ ਤੂੰ ਪਰਮਾਤਮਾ ਨੂੰ ਮਿਲਣਾ ਹੈ ਤਾਂ ਕਰਮ ਕਾਂਡਾਂ ਨੇ ਤੈਨੂੰ ਸਹਾਈ ਨਹੀਂ ਹੋਣਾ। ਜੋ ਤੇਰੇ ਅਤੇ ਪਰਮਾਤਮਾ ਵਿਚਕਾਰ ਮਾਇਆ ਰੂਪੀ ਝੂਠ ਦੀ ਦੀਵਾਰ ਖੜ੍ਹੀ ਹੋ ਗਈ ਹੈ ਉਸਨੂੰ ਡੇਗਣ ਵਾਸਤੇ ਨਾ ਤਾਂ ਸ਼ਰੀਰਕ ਸ਼ੁੱਧੀਆਂ ਲਈ ਤੀਰਥ ਇਸ਼ਨਾਨੀ ਹੋਣ ਵਾਲੇ ਸੁੱਚਮ ਮਾਰਗ ਨੇ, ਨਾ ਹੀ ਸਨਿਆਸੀ ਹੋ ਕੇ ਮੋਨਧਾਰੀ ਹੋ ਜਾਣ ਵਾਲੇ 'ਮੋਨ ਮਾਰਗ' ਨੇ, ਨਾ ਹੀ ਤਨ ਰਾਹੀਂ ਮਨ ਦੀ ਭੁੱਖ ਮਿਟਾਉਣ ਵਾਲੇ 'ਵਰਤ ਮਾਰਗ' ਅਤੇ ਨਾ ਹੀ ਪਰਮਾਤਮਾ ਨਾਲ ਵੀ ਛਲ ਕਰਕੇ ਭਰਮਾਉਣ ਵਾਲੇ ਅਫਲਾਤੂਨ ਦੇ ਚਤੁਰਾਈਆਂ ਭਰਪੂਰ 'ਸਿਆਣਪ ਮਾਰਗ' ਨੇ ਤੈਨੂੰ ਸਹਾਈ ਹੋਣਾ ਹੈ।

ਜਪੁ ਜੀ ਸਾਹਿਬ ਦਾ ਬੁਨਿਆਦੀ ਸਵਾਲ ਹੈ :

**"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ?"**

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਅਗੰਮੀ ਬਾਣੀ ਰਾਹੀਂ ਇਸ ਸਵਾਲ ਦੇ ਸਾਰਥਕ ਜਵਾਬ ਵਿਚ ਪੂਰਨ ਜੀਵਨ ਜਾਚ ਦਰਸਾਉਂਦੇ ਹਨ :-

**"ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥"**

ਹੇ ਜੀਵ ਆਤਮਾ ਦੇ ਧਾਰਨੀ ਜਗਿਆਸੂ ਮਨੁੱਖ! ਜੇਕਰ ਪਰਮਾਤਮਾ ਨੂੰ ਮਿਲਣਾ ਹੈ ਤਾਂ ਮਾਇਆ ਰੂਪੀ ਕੂੜ ਦੀ ਪਾਲਿ (ਝੂਠ ਦੀ ਦੀਵਾਰ) ਨੂੰ ਗਿਰਾਣਾ ਪਵੇਗਾ ਅਤੇ ਸਚਿਆਰਾ ਹੋਕੇ ਜੀਵਣ ਜੀਊਣਾ ਪਵੇਗਾ। ਇਹ ਬਖਸ਼ਿਸ਼ ਤੈਨੂੰ ਕੇਵਲ ਗੁਰੂ ਦੀ ਕ੍ਰਿਪਾ "ਗੁਰ ਪ੍ਰਸਾਦਿ" ਨਾਲ ਹੋਵੇਗੀ ਜਿਸ ਨਾਲ ਤੂੰ ਰਜ਼ਾ ਦੇ ਮਾਲਕ ਪਰਮਾਤਮਾ ਦੇ ਹੁਕਮ ਵਿਚ ਚੱਲ ਸਕੇਗਾਂ। ਜੇਕਰ ਤੂੰ ਗੁਰੂ ਦੀ ਕ੍ਰਿਪਾ ਪ੍ਰਾਪਤ ਕਰ ਲਵੇਂਗਾ ਅਤੇ ਸਚਿਆਰਾ ਹੋ ਕੇ ਅਗੰਮੀ ਹੁਕਮ ਅਨੁਸਾਰ ਜੀਵਨ ਬਤੀਤ ਕਰੇਂਗਾ ਤਾਂ ਤੂੰ ਹੇ ਨਾਨਕ! 'ਨਦਰੀ ਨਿਹਾਲ' ਹੋ ਜਾਵੇਂਗਾ।

ਇਹ ਹੈ ਮਨੁੱਖ ਮਾਤਰ ਦੇ ਕਲਿਆਣ ਵਾਸਤੇ ਬਖਸ਼ਿਸ਼, ਸ੍ਰੀ ਗੁਰੂ ਨਾਨਕ ਦੇਵ ਜੀ ਦਾ 'ਗਾਡੀ ਰਾਹ', ਜਿਸਦੀ ਪਥ-ਪ੍ਰਦਰਸ਼ਕ ਹੈ ਪਵਿੱਤਰ ਬਾਣੀ ਜਪੁ ਜੀ ਸਾਹਿਬ। ਇਸ ਤਰ੍ਹਾਂ ਇਹ ਬਾਣੀ ਹੈ ਜੀਵਨ ਜਾਚ ਨਿਰਦੇਸ਼।

**ਧਰਮ ਮਾਰਗ ਦਰਸ਼ਕ :-**

ਜੀਵਨ ਜਾਚ ਸਿਖਾਉਂਦਿਆਂ ਹੋਇਆ ਜਪੁ ਜੀ ਸਾਹਿਬ ਸਿੱਖ ਧਰਮ ਦਾ ਸਰੂਪ ਪ੍ਰਗਟ ਕਰਦੀ ਹੈ। ਸਿੱਖ ਧਰਮ ਨਾ ਤਾਂ ਦੁਨੀਆਂ ਨੂੰ ਤਜਣ ਦਾ ਨਾਮ ਹੈ ਅਤੇ ਨਾ ਹੀ ਦੁਨਿਆਵੀ ਮਾਇਆ ਵਿਚ ਗਲਤਾਨ ਹੋ ਜਾਣ ਦਾ ਨਾਮ ਹੈ। ਇਹ Complete Abstinence (ਪੂਰਨ ਸੰਜਮ) ਅਤੇ Complete Indulgence (ਪੂਰਨ ਗਲਤਾਨੀ) ਦੇ ਦੋਹਾਂ ਅੰਤਮ ਸਿਰਿਆਂ ਵਾਲੇ ਮਾਰਗਾਂ ਨੂੰ ਨਾ ਅਪਨਾਉਂਦੇ ਹੋਏ ਵਿਚਕਾਰਲੇ ਮਾਰਗ (Golden Mean) ਨੂੰ ਅਪਨਾਉਂਦਾ ਹੈ। ਇਹ ਮਾਰਗ ਗ੍ਰਹਿਸਤ ਮਾਰਗ ਹੈ :-

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥**

ਇਹ ਕਿਰਤ ਕਰਨ, ਵੰਡ ਛਕਣ, ਨਾਮ ਜਪਣ, ਸਿਮਰਨ ਸੇਵਾ ਅਤੇ ਸੰਗੀਤ ਕਰਨ ਵਾਲਾ ਗਾਡੀ ਰਾਹ ਹੈ, ਸਹਿਜ ਮਾਰਗ ਹੈ। ਦਇਆ ਐਸੇ ਧਰਮ ਦੀ ਮਾਤਾ

ਹੈ ਅਤੇ ਸੰਤੋਖ ਇਸ ਦੀ ਮਰਿਆਦਾ ਰੂਪੀ ਡੋਰੀ ਹੈ।

**ਧੌਲੁ ਧਰਮੁ ਦਇਆ ਕਾ ਪੂਤੁ॥**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥**

ਜੋ ਐਸੇ ਧਰਮ ਮਾਰਗ ਦਰਸਾਉਣ ਵਾਲੇ ਗੁਰੂ ਦੀ ਸਿੱਖਿਆ ਨੂੰ ਸੁਣ ਕੇ ਮੰਨ ਲਵੇ ਅਤੇ ਆਪਣੇ ਜੀਵਨ ਨੂੰ ਗੁਰ ਉਪਦੇਸ਼ ਅਨੁਸਾਰ ਜੀਉਣ ਦੀ ਵਿਧੀ ਅਪਨਾ ਲਵੇ ਉਹ 'ਸਿੱਖ' ਅਖਵਾਉਂਦਾ ਹੈ। ਜਦੋਂ ਉਹ ਗੁਰੂ ਦੀ ਖੁਸ਼ੀ ਪ੍ਰਾਪਤ ਕਰ ਲਵੇ ਤਾਂ ਗੁਰ ਸਿੱਖ ਹੋ ਜਾਂਦਾ ਹੈ। ਐਸੇ ਗੁਰਸਿੱਖ ਜਦੋਂ ਪਰਮਾਤਮਾ ਦੇ ਪਿਆਰੇ ਬਣ ਜਾਣ ਤਾਂ ਉਹ 'ਪੰਚ ਪਰਵਾਣ-ਪੰਚ ਪਰਧਾਨ' ਹੋ ਕੇ ਅਕਾਲ ਪੁਰਖ ਦੇ ਸਰਵਉੱਚ ਦਰਬਾਰ ਵਿਚ ਸੋਭਦੇ ਹੋਏ ਮਾਣ ਪ੍ਰਾਪਤ ਕਰਦੇ ਹਨ। ਐਸੇ ਪੰਚ ਪਰਵਾਣ ਪੰਚ ਪਰਧਾਨ ਉਹ ਜਗਿਆਸੂ ਬਣਦੇ ਹਨ ਜੋ ਪਰਮਾਤਮਾ ਦੇ ਹੁਕਮ ਨੂੰ ਸਮਝਣ ਵਾਲੇ, ਉਸਨੂੰ ਪਿਆਰ ਕਰਨ ਵਾਲੇ, ਉਸ ਦੀਆਂ ਵਡਿਆਈਆਂ ਦਾ ਗਾਇਨ ਕਰਨ ਵਾਲੇ, ਉਸ ਦਾ ਜਸ ਬਣਨ ਵਾਲੇ ਅਤੇ ਉਸ ਦਾ ਉਪਦੇਸ਼ ਗੁਰੂ ਰਾਹੀਂ ਸੁਣਕੇ ਮੰਨਣ ਵਾਲੇ ਪੰਜ ਸ਼ੁਭ ਗੁਣਾਂ ਦੇ ਧਾਰਨੀ ਹੋ ਜਾਂਦੇ ਹਨ। ਉਨ੍ਹਾਂ ਉੱਤੇ ਹੀ 'ਗੁਰ ਪ੍ਰਸਾਦਿ' ਰਾਹੀਂ 'ਨਦਰੀ ਨਦਰ ਨਿਹਾਲ' ਹੁੰਦਿਆਂ ਮੁਕਤੀ ਦੀ ਦਾਤ ਦੀ ਬਖਸ਼ਿਸ਼ ਹੁੰਦੀ ਹੈ:-

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥**

**ਇਹ ਹੈ ਸਿੱਖ ਧਰਮ ਦਾ ਅਧਿਆਤਮਕ ਅਤੇ ਵਿਹਾਰਕ ਮਾਰਗ। ਜਪੁ ਜੀ ਸਾਹਿਬ ਦੀਆਂ ਪਹਿਲੀਆਂ ਪੰਦਰਾਂ ਪਉੜੀਆਂ ਪੰਜ ਸ਼ੁਭ ਗੁਣਾਂ ਦੀ ਵਿਆਖਿਆ ਕਰਦੀਆਂ ਹਨ ਜਿਨ੍ਹਾਂ ਦੇ ਧਾਰਨੀ ਹੋਣ ਵਾਲੇ ਜਗਿਆਸੂ ਸੋਲ੍ਹਵੀਂ ਪਉੜੀ ਦੇ ਪੰਚ-ਪਰਵਾਣ-ਪੰਚ ਪਰਧਾਨ ਹੋ ਜਾਂਦੇ ਹਨ।**

ਜੀਵਨ ਮੁਕਤੀ ਦੀ ਅਵਸਥਾ ਵਿਚ ਵਿਚਰਦਿਆਂ ਹੋਇਆ ਭਵਸਾਗਰ ਤੋਂ ਆਪ ਵੀ ਤਰਦੇ ਹਨ ਅਤੇ ਜੋ ਉਨ੍ਹਾਂ ਦੀ ਸੰਗਤ ਕਰਦੇ ਹਨ ਉਨ੍ਹਾਂ ਨੂੰ ਵੀ ਤਾਰ ਦੇਂਦੇ ਹਨ।

**"ਆਪ ਮੁਕਤੁ ਅਵਰਾ ਮੁਕਤਿ ਕਰਾਵੈ"**

**ਕਾਦਰ ਦੀ ਕੁਦਰਤ ਦਾ ਚਿੱਤ੍ਰਕਾਰ :-**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦੀਆਂ ਸੋਲ੍ਹਵੀਂ, ਸਤ੍ਰਾਹਰਵੀਂ ਅਠਾਰਵ੍ਹੀਂ ਅਤੇ ਉਨ੍ਹੀਵੀਂ ਪਉੜੀਆਂ ਵਿਚ ਕਾਦਰ ਦੀ ਕੁਦਰਤ ਦਾ ਬੇਮਿਸਾਲ ਵਰਣਨ ਕਰਕੇ ਅਨੰਤ ਕੁਦਰਤ ਦਾ ਨਜ਼ਾਰਾ ਅਤੇ ਪਸਾਰਾ ਇਸਦੇ ਦੈਵੀ ਰੂਪ ਸਾਹਮਣੇ ਪ੍ਰਗਟ ਕਰ ਦਿੱਤਾ ਹੈ। ਉਨ੍ਹਾਂ ਨੇ ਇਹ ਤੱਤ ਗਿਆਨ ਜਗਿਆਸੂ ਨੂੰ ਬਖਸ਼ਿਆ ਹੈ ਕਿ ਪਰਮਾਤਮਾ ਦਾ ਨਾਮ ਸਿਮਰਨ ਕਰਦੇ ਹੋਏ ਪੰਚ ਪਰਵਾਣ ਪੰਚ ਪਰਧਾਨ ਭਗਤ ਜਨ ਜਦੋਂ "ਪੰਚਾਂ ਕਾ ਗੁਰ ਏਕ ਧਿਆਨ" ਵਾਲੀ ਅਵਸਥਾ ਪ੍ਰਾਪਤ ਕਰ ਲੈਂਦੇ ਹਨ ਤਾਂ ਉਨ੍ਹਾਂ ਨੂੰ ਪਰਮਾਤਮਾ ਦੀ ਬੇਅੰਤਤਾ ਅਤੇ ਅਨੰਤਤਾ ਜਾਨਣ ਦੀ ਚੇਸ਼ਟਾ ਨਹੀਂ ਕਰਨੀ ਚਾਹੀਦੀ, ਪਰਮਾਤਮਾ ਦੇ ਪਸਾਰਿਆਂ ਦੀਆਂ ਹੱਦਾਂ ਜਾਨਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਪਰਮਾਤਮਾ ਦੀਆਂ ਬਖਸ਼ਿਸ਼ਾਂ ਨੂੰ ਲੇਖਿਆਂ ਜੋਖਿਆਂ ਰਾਹੀਂ ਦਰਸਾਉਣ ਦੇ ਉਪਰਾਲੇ ਨਹੀਂ ਕਰਨੇ ਚਾਹੀਦੇ। ਜੇਕਰ ਉਸ ਬੇਅੰਤ ਪਰਮਾਤਮਾ ਦੀ ਸਾਜੀ ਹੋਈ ਕੁਦਰਤ ਦੇ ਅਲੱਗ-ਅਲੱਗ ਪਹਿਲੂਆਂ ਦਾ ਹੀ ਵਰਣਨ ਨਹੀਂ ਹੋ ਸਕਦਾ ਤਾਂ ਸਾਜਣਹਾਰ ਪਰਮਾਤਮਾ ਦੀ ਥਾਹ ਕਿਸ ਤਰ੍ਹਾਂ ਪਾਈ ਜਾ ਸਕਦੀ ਹੈ :-

**"ਜੇਤਾ ਕੀਤਾ ਤੇਤਾ ਨਾਉ॥**
**ਵਿਣੁ ਨਾਵੈ ਨਾਹੀ ਕੋ ਥਾਉ॥**
**ਕੁਦਰਤਿ ਕਵਣ ਕਹਾ ਵੀਚਾਰੁ॥**
**ਵਾਰਿਆ ਨਾ ਜਾਵਾ ਏਕ ਵਾਰ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ॥**
**ਤੂ ਸਦਾ ਸਲਾਮਤਿ ਨਿਰੰਕਾਰ॥ ੧੯॥"**

ਉਸ ਬੇਅੰਤ ਪਰਮਾਤਮਾ ਦੀ ਸਿਫਤ ਸਲਾਹ ਕਰਨ ਵਾਲੇ ਜਗਿਆਸੂਆਂ ਦੀ ਹਾਲਤ ਤਾਂ ਨਦੀਆਂ ਅਤੇ ਨਾਲਿਆਂ, ਵਹਿੰਦੇ ਹੋਏ ਦਰਿਆਵਾਂ ਵਾਂਗ ਹੈ ਜੋ ਉਸ ਸਮੁੰਦਰ ਬਾਰੇ ਸੋਚਦੇ ਹਨ ਜਿੱਥੇ ਉਨ੍ਹਾਂ ਨੇ ਜਾ ਕੇ ਮਿਲਣਾ ਹੁੰਦਾ ਹੈ ਪਰ ਜਦੋਂ ਉਹ ਸਮੁੰਦਰ ਵਿਚ ਜਾ ਕੇ ਮਿਲ ਜਾਂਦੇ ਹਨ ਤਾਂ ਜਾਣ ਨਹੀਂ ਸਕਦੇ ਕਿ ਸਮੁੰਦਰ ਕਿਤਨਾ ਕੁ ਵਿਸ਼ਾਲ ਹੈ, ਕਿਤਨਾ ਕੁ ਗਹਿਰਾ ਹੈ, ਕਿਤਨਾ ਕੁ ਅਥਾਹ ਹੈ।

**ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥**
**ਨਦੀਆ ਅਤੇ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥**

ਤਾਂ ਤੇ ਅਨੰਤ ਕੁਦਰਤ ਦੇ ਮਾਲਕ ਬੇਅੰਤ ਪਰਮਾਤਮਾ ਦਾ ਨਾਮ ਸਿਮਰਨ ਕਰਦੇ ਹੋਏ ਕੇਵਲ ਉਸਦੀ ਬਖਸ਼ਿਸ਼ ਭਰਪੂਰ ਮਿਹਰ ਨਦਰ ਪ੍ਰਾਪਤ ਕਰਨ ਵਾਸਤੇ ਹੀ ਜਗਿਆਸੂ ਨੂੰ ਨਿਮਾਣਾ ਹੋਕੇ ਹਮੇਸ਼ਾਂ ਨਿਮਰਤਾ ਵਿਚ ਰਹਿਣਾ ਚਾਹੀਦਾ ਹੈ।

**ਗਹਿਰ ਗੰਭੀਰ ਫਲਸਫਿਆਂ ਦੀ ਟਕਸਾਲ :-**

ਅਠੱਤੀਵੀਂ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ "ਘੜੀਐ ਸਬਦੁ ਸਚੀ ਟਕਸਾਲ" ਵਾਲੀ

ਸਰਵਉੱਚ ਅਧਿਆਤਮਕ - ਪਰਮਾਤਮਕ ਅਵਸਥਾ ਦਾ ਵਰਣਨ ਕਰਦੇ ਹੋਏ ਸਿੱਖ ਧਰਮ ਦੇ ਧੁਰੇ "ਸ਼ਬਦ ਗੁਰੂ" ਦੇ ਫਲਸਫੇ ਨੂੰ ਉਜਾਗਰ ਕਰਦੇ ਹਨ। ਇੱਥੇ ਹੀ "ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ" ਵਾਲੀ ਤੁਕ ਰਾਹੀਂ ਪਹਿਲੀ ਵਾਰ ਨਾਮ ਰੂਪੀ ਅੰਮ੍ਰਿਤ ਦਾ ਫਲਸਫਾ ਹੋਂਦ ਵਿਚ ਲਿਆਂਦਾ ਗਿਆ ਹੈ ਜਿਸ ਦੀ ਬਖਸ਼ਿਸ਼ ਪ੍ਰਾਪਤੀ ਦੀ ਵਿਧੀ ਸਤਿਗੁਰ ਪਾਤਿਸ਼ਾਹ ਜੀ ਨੇ ਚੌਥੀ ਪਉੜੀ ਵਿਚ "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ" ਵਾਲੀ ਤੁਕ ਰਾਹੀਂ ਸਪਸ਼ਟ ਕਰ ਦਿੱਤੀ ਹੈ। ਜਦੋਂ ਸ਼ਬਦ ਦਾ ਵਿਸਤ੍ਰਿਤ ਰੂਪ ਗੁਰਬਾਣੀ ਵਿਚ ਉਜਾਗਰ ਹੁੰਦਾ ਹੈ ਤਾਂ "ਅੰਮ੍ਰਿਤ ਨਾਮ ਨਿਰਮੋਲਕ ਹੀਰਾ ਗੁਰ ਦੀਨੋ ਮੰਤਾਨੀ" ਦਾ ਫਲਸਫਾ ਹੋਰ ਸਾਕਾਰ ਰੂਪ ਵਿਚ ਪ੍ਰਗਟ ਹੁੰਦਾ ਹੈ:-

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ॥**

**ਗੁਰਬਾਣੀ ਕਹੈ ਸੇਵਕ ਜਨ ਮਾਨੈ ਪ੍ਰਤਖ ਗੁਰੂ ਨਿਸਤਾਰੇ॥**

ਗੁਰਸਿੱਖ ਜੀਵਨ ਜਾਚ ਸਮਝਾਉਂਦਿਆਂ ਹੋਇਆ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੀ ਅਟੱਲ ਹੁਕਮ ਸੱਤਾ ਦਾ ਫਲਸਫਾ ਪਹਿਲੀ ਪਉੜੀ ਵਿਚ ਸਖਸ਼ ਦਿੱਤਾ ਹੈ :-

**"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥"**

ਜਿਸ 'ਹੁਕਮ' ਬਾਰੇ ਗੁਰੂ ਮਹਾਰਾਜ ਦੱਸਣਾ ਚਾਹੁੰਦੇ ਹਨ ਉਹ ਕਿਸੇ ਤਾਨਾਸ਼ਾਹ ਬਾਦਸ਼ਾਹ ਦਾ ਡਰਾਉਣ ਵਾਲਾ ਹੁਕਮ ਨਹੀ ਹੈ। ਇਹ ਤਾਂ ਪਿਆਰ ਕਰਨ ਵਾਲੇ 'ਨਿਰਵੈਰ' ਪਰਮਾਤਮਾ ਦੀ ਉਸਦੀ "ਤੇਰਾ ਕੀਆ ਮੀਠਾ ਲਾਗੈ।" ਵਾਲੀ ਕ੍ਰਿਪਾਲੂ ਰਜ਼ਾ ਵਾਲਾ ਦੈਵੀ ਸਨੇਹ ਭਰਪੂਰ ਹੁਕਮ ਹੈ ਜਿਸ ਉੱਤੇ ਚਲਣ ਨਾਲ ਜਗਿਆਸੂ ਜੀਵ ਆਤਮਾ ਨੇ ਗੁਰੂ ਕ੍ਰਿਪਾ ਸਦਕਾ "ਸਦਾ ਅਨੰਦ ਕਰਹਿ ਮੇਰੇ ਪਿਆਰੇ" ਵਾਲੀ ਅਵਸਥਾ ਪ੍ਰਾਪਤ ਕਰਕੇ ਨਦਰੀ ਨਦਰਿ ਨਿਹਾਲ ਹੋ ਜਾਣਾ ਹੈ। ਫਿਰ ਇਸ ਹੁਕਮ ਦਾ ਦੂਸਰਾ ਵਿਲੱਖਣ ਪੱਖ ਇਹ ਹੈ ਕਿ ਇਹ ਕਿਸੇ ਸ਼ਾਹੀ ਫੁਰਮਾਨ ਵਰਗੇ ਦਸਤਾਵੇਜ਼ ਉੱਤੇ ਲਿਖਤੀ ਰੂਪ ਵਿਚ ਜੀਵ ਆਤਮਾਵਾਂ ਦੇ ਸਾਹਮਣੇ ਨਹੀਂ ਆਉਂਦਾ। ਇਹ ਤਾਂ ਧੁਰ ਤੋਂ ਹੀ ਲਿਖੇ ਜਾ ਚੁੱਕੇ ਹਰ ਜੀਵ ਦੇ ਵਿਧੀ-ਵਿਧਾਨ ਅਨੁਸਾਰ ਅੰਤਰ ਆਤਮਾ ਤੋਂ ਹੀ ਪ੍ਰਗਟ ਹੁੰਦਾ ਹੈ। ਜੀਵ ਨੂੰ ਆਪਣੀ ਅੰਤਰ ਆਤਮਾ ਵਿਚੋਂ ਹੀ ਇਸ ਨੂੰ ਲੱਭਣਾ ਪੈਂਦਾ ਹੈ:-

**ਹੁਕਮ ਪਛਾਣੈ ਸੋ ਏਕੋ ਜਾਣੈ ਬੰਦਾ ਕਹੀਐ ਸੋਈ॥**

ਇਸ ਧਰਮਸਾਲ ਰੂਪੀ ਧਰਤੀ ਉੱਤੇ ਜਿਸਨੂੰ "ਮ੍ਰਿਤ ਮੰਡਲ" ਕਿਹਾ ਜਾਂਦਾ ਹੈ ਮਨੁੱਖ ਕਿਉਂ ਆਉਂਦਾ ਹੈ - ਇਸ ਕਾਰਨਾਤਮਕ ਫਲਸਫੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੇਤੀਵੀਂ ਪਉੜੀ ਤੋਂ ਲੈ ਕੇ ਸੈਂਤੀਵੀਂ ਪਉੜੀ ਦੇ ਆਤਮਕ ਮੰਡਲੀ ਖੰਡਾਂ ਦੇ ਵਰਣਨ ਨਾਲ ਉਜਾਗਰ ਕੀਤਾ ਹੈ। ਧਰਮ ਖੰਡ ਰੂਪੀ ਧਰਤੀ ਉੱਤੇ ਜੀਵ ਪਰਮਾਤਮਾ ਦੇ ਹੁਕਮ ਅਨੁਸਾਰ ਕਰਮ ਕਮਾਉਣ ਆਉਂਦਾ ਹੈ ਜਿਸ ਕਾਰਨ ਧਰਮ ਖੰਡ ਰੂਪੀ ਧਰਤੀ ਜੀਵ ਆਤਮਾਵਾਂ ਵਾਸਤੇ ਕਰਮ ਭੂਮੀ ਅਖਵਾਉਂਦੀ ਹੈ। ਸਰਬੱਤ ਜੀਵਾਂ ਵਿਚੋਂ ਮਨੁੱਖ ਨੂੰ ਇਸ ਕਰਮਭੂਮੀ ਉੱਤੇ ਸਰੇਸ਼ਟ ਜੂਨੀ ਵਿਚ ਭੇਜਿਆ ਜਾਂਦਾ ਹੈ ਜਿਸਨੂੰ ਚੰਗੇ ਮਾੜੇ ਕਰਮਾਂ ਦੀ ਸੋਝੀ ਬਖਸ਼ ਕੇ ਅਕਾਲ ਪੁਰਖ ਕਰਮ ਹੋਣ ਦੀ ਆਜ਼ਾਦੀ ਬਖਸ਼ਦਾ ਹੈ। ਜੋ ਮਨੁੱਖ ਚੰਗੇ ਕਰਮ ਕਰਦੇ ਹਨ, ਚੰਗੇ ਫਲ ਪ੍ਰਾਪਤ ਕਰਦੇ ਹਨ ਅਤੇ ਜੋ ਮਾੜੇ ਕਰਮ ਕਰਦੇ ਹਨ, ਮਾੜੇ ਫਲ ਪ੍ਰਾਪਤ ਕਰਦੇ ਹਨ। ਗੁਰੂ ਪਾਤਿਸ਼ਾਹ ਮਨੁੱਖ ਮਾਤ੍ਰ ਨੂੰ ਸੁਚੇਤ ਕਰਦੇ ਹੋਏ ਫੁਰਮਾਉਂਦੇ ਹਨ ਕਿ "ਪੁੰਨ" ਜਾਂ "ਪਾਪ" ਕੇਵਲ ਕਹੇ ਜਾਣ ਵਾਲੇ ਸ਼ਬਦ ਨਹੀਂ ਸਮਝੇ ਜਾਣੇ ਚਾਹੀਦੇ, ਇਹ ਕਰਮ ਰੂਪੀ ਹੋ ਕੇ ਸੰਚਿਤ ਰੂਪ ਵਿਚ ਅਤੇ ਮਾੜੇ ਫਲ ਦੇਂਦੇ ਹਨ।

**ਪੁੰਨੀ ਪਾਪੀ ਆਖਣੁ ਨਾਹਿ॥**
**ਕਰਿ ਕਰਿ ਕਰਣਾ ਲਿਖਿ ਲੈ ਜਾਹੁ॥**
**ਆਪੇ ਬੀਜਿ ਆਪੇ ਹੀ ਖਾਹੁ॥**
**ਨਾਨਕ ਹੁਕਮੀ ਆਵਹੁ ਜਾਹੁ॥**

ਕਰਮ ਭੂਮੀ ਧਰਮ ਖੰਡ ਵਿਚ ਜੋ ਮਨੁੱਖ ਪਰਮਾਤਮਾ ਦੇ ਹੁਕਮ ਅਨੁਸਾਰ ਜੀਵਨ ਜੀਉਂਦੇ ਹੋਏ ਸਿਮਰਨ ਸੇਵਾ ਸੰਗਤ ਦੀ ਜੁਗਤਿ ਧਾਰਨ ਕਰਕੇ ਵਿਚਰਦੇ ਹਨ ਉਹ ਆਤਮਕ ਮੰਡਲਾਂ ਦੀਆਂ ਉਡਾਰੀਆਂ ਵਿਚ ਗਿਆਨ ਖੰਡ ਦੇ ਪਰਚੰਡ ਗਿਆਨ ਨੂੰ ਪ੍ਰਾਪਤ ਕਰਦੇ ਹੋਏ ਕਰੋੜਾਂ ਹੀ ਅਨੰਦਾਂ ਵਾਲੀ ਅਵਸਥਾ ਵਿਚ ਪਹੁੰਚ ਜਾਂਦੇ ਹਨ। ਉਸ ਤੋਂ ਅੱਗੇ ਰੂਪਮਈ ਸੁੰਦਰ ਬ੍ਰਹਮ ਸਰੂਪ "ਸਰਮ ਖੰਡ" ਦੀਆਂ ਬਹੁਤ ਅਨੂਪ ਘਾੜਤਾਂ ਵਿਚ ਘੜੇ ਜਾਂਦੇ ਹਨ ਜਿੱਥੇ "ਸੁਰਤਿ, ਮਤਿ, ਮਨਿ, ਬੁਧਿ ਅਤੇ ਸੁਰਾਂ ਸਿਧਾਂ ਵਾਲੀ "ਸੁਧਿ" ਦੀਆਂ ਉੱਚ ਆਤਮਕ ਅਵਸਥਾਵਾਂ ਦੀ ਪ੍ਰਾਪਤੀ ਹੁੰਦੀ ਹੈ। ਇਸ ਤੋਂ ਅੱਗੇ ਪੰਚ ਪਰਵਾਣ ਪੰਚ ਪਰਧਾਨ ਆਤਮਾਵਾਂ ਬਾਣੀ ਸਰੂਪ "ਕਰਮ ਖੰਡ" ਵਿਚੋਂ ਪਰਮਾਤਮਾ ਦਾ ਕਰਮ, ਉਸਦੀ ਕਿਰਪਾ

ਪ੍ਰਾਪਤ ਕਰਦੀਆਂ ਹਨ ਅਤੇ ਪਰਮਾਤਮਾ ਦੀ ਮਹਿਮਾ ਵਿਚ "ਸੀਤੋ ਸੀਤਾ" ਦੀ ਪੱਕੇ ਤੌਰ ਉੱਤੇ ਜੁੜ ਜਾਣ ਵਾਲੀ ਅਵਸਥਾ ਵਿਚ ਪਹੁੰਚ ਜਾਂਦੀਆਂ ਹਨ, ਉਸ ਨਾਲ ਇਕ ਮਿਕ ਹੋ ਜਾਂਦੀਆਂ ਹਨ, ਜਨਮ ਮਰਨ ਤੋਂ ਮੁਕਤ ਹੋ ਜਾਂਦੀਆਂ ਹਨ ਅਤੇ ਅਗਲੇ ਖੰਡ "ਸਚਖੰਡਿ" ਵਸਦੇ ਨਿਰੰਕਾਰ ਦੇ ਦਰਸ਼ਨ ਪਾਕੇ 'ਨਦਰਿ ਨਿਹਾਲ" ਹੋ ਜਾਂਦੀਆਂ ਹਨ।

ਸਚਖੰਡ ਦਾ ਸਾਕਾਰ ਰੂਪ ਵਿਚ ਵਰਣਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੀ ਸਨਮੁੱਖ ਉਸਤਤ ਕਰਦਿਆਂ ਹੋਇਆਂ ਸਤਾਈਵੀਂ ਪਉੜੀ ਵਿਚ ਕੀਤਾ ਹੈ:-

**ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥**

**ਸਿਧਾਂਤਕ ਮਾਰਗ ਉਪਦੇਸ਼ਕ :-**

ਜਪੁ ਜੀ ਸਾਹਿਬ ਦੀਆਂ ਅਠਾਈਂਵੀ, ਉਨੱਤੀਵੀਂ, ਤੀਹਵੀਂ ਅਤੇ ਇੱਕਤੀਵੀਂ ਪਉੜੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਧਾਂ ਨਾਲ ਹੋਏ ਅਧਿਆਤਮਕ ਵਾਰਤਾਪਾਲ "ਸਿਧ ਗੋਸ਼ਟੀ" ਨਾਲ ਸਬੰਧਤ ਹਨ। ਇਹਨਾਂ ਰਾਹੀਂ ਸਤਿਗੁਰੂ ਪਾਤਸ਼ਾਹ ਨੇ "ਸਿਧ ਛਪ ਬੈਠੇ ਪਰਬਤੀਂ ਕਉਣ ਜਗਤੁ ਕਉ ਪਾਰ ਉਤਾਰਾ" ਵਾਲੇ ਸਿੱਧਾਂ ਨੂੰ ਉਪਦੇਸ਼ ਦਿੱਤਾ ਹੈ ਕਿ ਜੋਗ ਸਿੱਧੀ ਰਾਹੀਂ ਕਰਾਮਾਤੀ ਸ਼ਕਤੀਆਂ ਪ੍ਰਾਪਤ ਕਰਕੇ ਪਰਮਾਤਮਾ ਨਾਲ ਮਿਲਾਪ ਨਹੀਂ ਹੋਣਾ। ਸਭ ਤੋਂ ਉੱਚਾ ਜੋਗ ਪੰਥ "ਆਈ ਪੰਥੀ" ਸਗਲ ਜਮਾਤੀ, ਭਾਵ ਕਿ ਸਾਰੀ ਮਾਨਵਤਾ ਦੇ ਕਲਿਆਣ ਹਿਤ, ਹੋਣ ਕਰਕੇ ਹੀ ਉੱਚਾ ਹੋ ਸਕਦਾ ਹੈ। "ਰਿਧਿ ਸਿਧਿ ਅਵਰਾ ਸਾਦ" ਵਾਲੀਆਂ ਮਾਯਾਵੀਂ ਕਰਾਮਾਤੀ ਸ਼ਕਤੀਆਂ ਨੂੰ ਜਿੱਤਣ ਦੀ ਥਾਂ ਆਪਣੇ ਮਨ ਨੂੰ ਜਿੱਤ ਲੈਣਾ ਹੀ ਸਭ ਤੋਂ ਵੱਡੀ ਸਿਧਾਂਤਕ ਅਤੇ ਜੋਗ-ਮਾਰਗੀ ਪ੍ਰਾਪਤੀ ਹੈ। ਕੇਵਲ ਇੱਕ ਪਰਮਾਤਮਾ ਹੀ ਆਪਣੀਆਂ ਰਜੋ ਗੁਣੀ, ਸਤੋ ਗੁਣੀ ਤੇ ਤਮੋ ਗੁਣੀ ਸ਼ਕਤੀਆਂ ਰਾਹੀਂ ਸੰਜੋਗੁ ਵਿਜੋਗੁ ਹੀ ਹੁਕਮਸੱਤਾ ਅਨੁਸਾਰ ਆਪਣੇ ਤਿੰਨ ਨਾਮੀ ਪੁੱਤਰਾਂ ਬ੍ਰਹਮਾ, ਵਿਸ਼ਨੂੰ, ਮਹੇਸ਼ ਕਹੇ ਜਾਣ ਵਾਲੇ ਸਕਾਰਤ ਚੇਲਿਆਂ ਰਾਹੀਂ ਸਭ ਕਾਰਵਿਹਾਰ ਚਲਾ ਰਿਹਾ ਹੈ। ਐਸੇ ਸਮਰਥ ਪਰਮਾਤਮਾ ਨੇ ਜੀਵਾਂ ਦੀ ਪਰਵਰਿਸ਼ ਵਾਸਤੇ ਸਭ ਲੋਕਾਂ, ਸਭ ਬ੍ਰਹਮੰਡਾਂ ਅਤੇ ਸਭ ਬ੍ਰਹਮ ਪਸਾਰਿਆਂ ਵਿਚ ਉਨ੍ਹਾਂ ਦੀ ਰੋਜ਼ੀ ਦਾ ਪ੍ਰਬੰਧ ਇਕੋ ਵਾਰ ਹੀ ਸਦੀਵ ਕਾਲ ਵਾਸਤੇ ਕਰ ਦਿੱਤਾ ਹੋਇਆ ਹੈ।

**ਆਸਣੁ ਲੋਇ ਲੋਇ ਭੰਡਾਰ॥**
**ਜੋ ਕਿਛੁ ਪਾਇਆ ਸੁ ਏਕਾ ਵਾਰ॥**
**ਕਰਿ ਕਰਿ ਵੇਖੈ ਸਿਰਜਣਹਾਰੁ॥**
**ਨਾਨਕ ਸਚੇ ਕੀ ਸਾਚੀ ਕਾਰ॥**

**ਵਿਗਿਆਨਕ ਭਵਿੱਖ-ਬਾਣੀਆਂ ਦੀ ਸਰੋਤ :-**

ਜਪੁ ਜੀ ਸਾਹਿਬ ਆਪਣੇ ਅਗੰਮੀ ਬਾਣੀ ਸਰੂਪ ਵਿਚ ਸਦੀਵ ਸੱਚਾਂ ਦੀ ਸਰੋਤ ਹੈ :-

**ਕੀਤਾ ਪਸਾਉ ਏਕੋ ਕਵਾਉ॥**
**ਤਿਸ ਤੇ ਹੋਏ ਲਖ ਦਰਿਆਉ॥**

ਸਾਰਾ ਬ੍ਰਹਮ ਪਸਾਰਾ ਪਰਮਾਤਮਾ ਨੇ ਕੇਵਲ ਇੱਕ ਸ਼ਬਦ ਉਚਾਰਣ ਕਰਕੇ ਹੀ ਕਰ ਦਿੱਤਾ। ਇਸ ਬੇਅੰਤ ਬ੍ਰਹਮ ਪਸਾਰੇ ਵਿਚ ਜ਼ਿੰਦਗੀ ਰੂਪੀ ਸਜੀਵਤਾ ਦੇ ਅਨੇਕਾਂ ਹੀ ਦਰਿਆ ਵਹਿਣੇ ਸ਼ੁਰੂ ਹੋ ਗਏ ।

**ਤਿਥੈ ਖੰਡ ਮੰਡਲ ਵਰਭੰਡ॥**
**ਜੇ ਕੋ ਕਥੈ ਤ ਅੰਤ ਨ ਅੰਤ॥**

★★★★

**ਪਾਤਾਲਾਂ ਪਾਤਾਲ ਲਖ ਆਗਾਸਾ ਆਗਾਸ॥**
**ਓੜਕ ਓੜਕ ਭਾਲਿ ਥਕੇ ਵੇਦ ਕਹਿਨ ਇਕ ਵਾਤ॥**
**ਸਹਸ ਅਠਾਰਹ ਕਹਿਨ ਕਤੇਬਾ ਅਸੁਲੂ ਇਕ ਧਾਤੁ॥**
**ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥**
**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ**

ਪਰਮਾਤਮਾ ਦੇ ਰਚੇ ਹੋਏ ਬ੍ਰਹਮਾਂਡਕ ਪਾਸਾਰ ਇਤਨੇ ਬੇਅੰਤ ਹਨ ਕਿ ਉਹਨਾਂ ਨੂੰ ਕਿਸੇ ਵੀ ਗਿਣਤੀ ਦੇ ਅੱਖਰਾਂ ਰਾਹੀਂ ਜਾਂ ਵਿਸਥਾਰ ਲਿਖਣ ਵਾਲੇ ਭਾਸ਼ਾਈ ਅੱਖਰਾਂ ਨਾਲ ਦਰਸਾਇਆ ਨਹੀਂ ਜਾ ਸਕਦਾ।

**ਅਣਗਿਣਤ ਹੀ ਪਾਤਾਲ ਹਨ ਅਤੇ ਅਣਗਿਣਤ ਹੀ ਆਕਾਸ਼ ਹਨ। ਐਸੇ ਪਾਤਾਲਾਂ ਅਤੇ ਆਕਾਸ਼ਾਂ ਦੀ ਗਿਣਤੀ ਦੀ ਜੇ ਖੋਜ ਕੀਤੀ ਜਾਵੇ ਤਾਂ ਕਦੇ ਵੀ ਐਸੀ ਖੋਜ ਖਤਮ ਨਹੀਂ ਹੋ ਸਕੇਗੀ। ਇਸ ਤੱਤ ਨੂੰ ਵੇਦਾਂ ਵਰਗੀਆਂ ਧਾਰਮਕ ਪੁਸਤਕਾਂ ਅਤੇ ਗ੍ਰੰਥ ਵੀ ਮੰਨਦੇ ਹਨ।**

ਚਾਰ ਕਤੇਬਾਂ : ਕੁਰਾਨ, ਅੰਜੀਲ, ਜੱਬਰੂ ਅਤੇ ਤੌਰੇਤ ਐਸੇ ਤਬਕਾਂ ਦੀਆਂ ਗਿਣਤੀਆਂ ਦਾ ਵਰਨਣ ਕਰਦੇ ਹੋਏ ਅਠਾਰਾਂ ਹਜ਼ਾਰ ਤਬਕ ਦਰਸਾਉਂਦੀਆਂ ਹਨ। ਪਰ ਅਸਲੀਅਤ ਇਹ ਹੈ ਕਿ ਬ੍ਰਹਮਾਂਡਕ ਪਸਾਰਿਆਂ ਵਿਚ ਆਕਾਸ਼ਾਂ ਪਾਤਾਲਾਂ ਦਾ ਕੋਈ ਓੜਕ, ਕੋਈ ਅੰਤ ਨਹੀਂ ਹੈ। ਅਸਲੀਅਤ ਇਹ ਹੈ ਕਿ ਐਸੇ ਬੇਅੰਤ ਅਨੰਤ

ਪਸਾਰਿਆਂ ਦਾ ਮੂਲ ਕੇਵਲ ਇੱਕ ਹੀ ਪਰਮਾਤਮਾ ਹੈ : "ਅਸੁਲੁ ਇਕੁ ਧਾਤੁ" ਰੂਪੀ ਕਰਤਾਰ ਏਨਾ ਵੱਡਾ ਹੈ ਉਸਦਾ ਵੱਡਾਪਣ ਉਸ ਤੋਂ ਬਿਨਾਂ ਹੋਰ ਕੋਈ ਨਹੀਂ ਜਾਣ ਸਕਦਾ। "ਅਸੁਲੂ ਇਕ ਧਾਤੁ" ਵਾਲੇ ਪਰਮ ਤੱਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਤਰ੍ਹਾਂ ਦਰਸਾਉਂਦੇ ਹਨ :-

**ਜਿਮੀ ਜਮਾਨ ਕੇ ਬਿਖੈ ਸਮਾਸਤ ਏਕ ਜੋਤ ਹੈ॥**
**ਨਾ ਘਾਟ ਹੈ ਨਾ ਬਾਢ ਹੈ ਨਾ ਘਾਟ ਬਾਢ ਹੋਤ ਹੈ॥**

ਐਸੇ ਹੀ ਪਰਮ ਤੱਤਾਂ ਉੱਪਰ ਆਈਨਸਟਾਈਨ ਦੀ ਥਿਉਰੀ ਆਫ ਰੈਲੇਟਿਵਿਟੀ (Einstien's Theory of Relativity) ਅਤੇ ਭੌਤਿਕਤਾ ਦੀਆਂ ਵਿਸ਼ਵ ਪ੍ਰਸਿੱਧ ਥਿਊਰੀਆਂ ਆਧਾਰਤ ਹਨ। ਇਸ ਤਰ੍ਹਾਂ ਜਪੁ ਜੀ ਸਾਹਿਬ ਅਨੇਕਾਂ ਹੀ ਵਿਗਿਆਨਕ ਸਿਧਾਂਤਾ ਦਾ ਸ੍ਰੋਤ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅੱਜ ਤੋਂ ਪੰਜ ਸਦੀਆਂ ਤੋਂ ਵੀ ਜਿਆਦਾ ਸਮਾਂ ਪਹਿਲਾਂ ਦੀ ਦਰਸਾ ਦਿੱਤੇ ਸਨ ਜਦ ਕਿ ਵਿਗਿਆਨ ਨੇ ਉਨ੍ਹਾਂ ਪ੍ਰਤੀ ਖੋਜ ਤਕਰੀਬਨ ਉਨ੍ਹੀਵੀਂ ਅਤੇ ਵੀਹਵੀਂ ਸਦੀ ਵਿਚ ਹੀ ਕੀਤੀ ਹੈ। ਫਰਕ ਇਹ ਹੈ ਕਿ ਵਿਗਿਆਨ ਦੇ ਸੱਚ ਹੁੰਦੇ ਤਾਂ ਸੱਚ ਹਨ ਪਰ ਉਹ ਨਿਰਜੀਵ ਸੱਚ ਹੁੰਦੇ ਹਨ। ਜੋ ਗੁਰਬਾਣੀ ਦੇ ਸੱਚ ਉਹ ਵਿਗਿਆਨਕ ਸੱਚਾਂ ਦਾ ਸਰੋਤ ਹੁੰਦੇ ਉਨ੍ਹਾਂ ਤੋਂ ਕਿਤੇ ਮਹਾਨ ਸੱਚ ਹਨ ਜੋ ਕਿ ਸਜੀਵਤਾ ਭਰਪੂਰ ਹਨ।

ਇਸ ਤਰ੍ਹਾਂ ਜਪੁ ਜੀ ਸਾਹਿਬ ਵਿਗਿਆਨਕ ਭਵਿੱਖਬਾਣੀਆਂ ਦਾ ਸਰੋਤ ਹੈ।

**ਅਦੁੱਤੀ ਸਾਹਿਤਕਤਾ ਅਤੇ ਵਿਦਵਤਾ ਦੀ ਪ੍ਰਤੀਕ:-**

ਜਪੁ ਜੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਦੁੱਤੀ ਸਖਸ਼ੀਅਤ ਦੀ ਪ੍ਰਤੀਕ ਹੈ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਨਾਨਕ ਸਾਇਰ ਏਵ ਕਹਤ ਹੈ ਸਚੇ ਪਰਵਦਗਾਰਾ" ਵਾਲੇ ਸ਼ਾਇਰ ਦਾ ਅਲੌਕਿਕ ਸਬੂਤ ਦਿੱਤਾ ਹੈ। ਇਹ ਬਾਣੀ ਰਾਗ ਮੁਕਤ ਹੈ ਪਰ ਸੂਤਰ-ਬੱਧ ਹੈ। ਇਸ ਬਾਣੀ ਦਾ ਕਮਾਲ ਇਹ ਹੈ ਕਿ ਸੰਖੇਪ ਸ਼ਬਦਾਂ ਨੂੰ ਕਾਵਿਕ ਤੁਕਾਂ ਦੇ ਸੂਤਰ ਵਿਚ ਬੰਨ੍ਹ ਕੇ ਗੁਰੂ ਸਾਹਿਬ ਨੇ ਥੋੜੇ ਸ਼ਬਦਾਂ ਰਾਹੀਂ ਬਹੁਤ ਵੱਡੇ ਗਹਿਰ ਗੰਭੀਰ ਫਲਸਫੇ ਕਲਮ-ਬੰਦ ਕਰ ਦਿੱਤੇ ਹਨ।

ਅੱਜ ਤੋਂ ਪੰਜ ਸੌ ਸਾਲ ਪਹਿਲਾਂ ਦਾ ਜੋ ਪੰਜਾਬ ਬੋਲੀ ਦਾ ਸਰੂਪ ਸੀ ਉਸ਼ ਵਿਚ ਜਪੁ ਜੀ ਸਾਹਿਬ ਇੱਕ ਮਹਾਨ ਰਚਨਾ ਦੇ ਰੂਪ ਵਿਚ ਅਲੌਕਿਕ ਕਲਾ-ਕ੍ਰਿਤੀ ਹੈ।

ਜਪੁ ਜੀ ਸਾਹਿਬ ਅਧਿਆਤਮਕ, ਦਾਰਸ਼ਨਿਕ, ਸਾਹਿਤਕ, ਕਲਾਤਮਕ ਅਤੇ ਸਭ ਤੋਂ ਉੱਪਰ, ਮਨੁੱਖ ਮਾਤ੍ਰ ਦੇ ਕਲਿਆਣ ਨਮਿੱਤ ਸਦਾ ਇਕਸਾਰਤਾ ਵਿਚ ਰਹਿਣ ਵਾਲੇ ਪਰਮ ਗਿਆਨ ਤੇ ਸੰਗ੍ਰਿਹਤ ਰੂਪ ਵਿਚ ਇਕ ਮਹਾਨ ਰਚਨਾ ਹੈ। ਇਹ ਜਗਤ ਤਾਰਕ ਸਤਿਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਹੈ, ਅੰਮ੍ਰਿਤ ਰਸ ਦੇ ਝਰਨਿਆਂ ਦੀ ਸ੍ਰੋਤ ਹੈ। ਜਗਿਆਸੂਆਂ ਦੀ ਪਥ-ਪ੍ਰਦਰਸ਼ਕ ਹੈ, ਧਰਮੀਆਂ ਦੀ ਮਾਰਗ-ਦਰਸ਼ਕ ਹੈ, ਬਾਣੀਆਂ ਸਿਰ ਬਾਣੀ-ਧੁਰ ਕੀ ਬਾਣੀ ਹੈ। ਸੱਚਖੰਡ ਦੀ ਬਾਣੀ ਜੀਵ ਆਤਮਾਵਾਂ ਨੂੰ ਸੱਚਖੰਡ ਤੱਕ ਲੈ ਜਾਣ ਵਾਲੀ ਰੂਹਾਨੀ ਪਰਵਾਜ਼ ਹੈ:-

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥**
**ਇਹ ਬਾਣੀ ਮਹਾਂਪੁਰਖ ਕੀ ਨਿਜ ਘਰਿ ਵਾਸਾ ਹੋਇ॥** ■

**ਅੰਮ੍ਰਿਤ ਕੀਤਰਨ ਦਾ ਚੰਦਾ ਭੇਜੋ ਜੀ** ! ਜੇ ਤੁਸੀਂ ਅਜੇ ਤਕ ਅੰਮ੍ਰਿਤ ਕੀਰਤਨ ਦਾ ਚੰਦਾ ਨਹੀਂ ਭੇਜਿਆ ਤਾਂ ਤੁਰੰਤ ਭੇਜਣ ਦੀ ਕਿਰਪਾ ਕਰੋ। ਆਪ ਦੀ ਮਾਇਕ ਸਹਾਇਤਾ ਨਾਲ ਹੀ ਇਹ ਮੈਗਜ਼ੀਨ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਿਆ ਜਾ ਸਕਦਾ ਹੈ।

*With compliments from*

**DR. I. P. S. KALRA**

**M.B.B.S., M.D., F.I.A.M.S., F.I.M.S.A.**
**Sr. Consultant Physician & Cardiologist**

37-D, Suajn Singh Park, New Delhi - 110 003
Ph : 4628621, 4623732, 660803, 6962932

# ਗੁਰੂ ਰਾਮ ਦਾਸ ਦੀ ਗੁਰਮਤਿ ਕਾਵਿ ਨੂੰ ਦੇਣ

ਪ੍ਰੋ. ਚਾਨਣ ਸਿੰਘ ਨਿਰਮਲ*

ਗੁਰੂ ਰਾਮ ਦਾਸ ਜੀ ਇਕ ਮਹਾਨ ਤੇ ਸ਼ਕਤੀਸ਼ਾਲੀ ਪ੍ਰਤਿਭਾ ਦੇ ਸੁਆਮੀ ਗੁਰੂ ਹਨ । ਇਸ ਪ੍ਰਤਿਭਾ 'ਚੋਂ ਜੀਵਨ ਜੋਤਿ ਅਧਿਆਤਮਕ ਕਾਵਿ-ਤਰੰਗ ਤੇ ਪਿਆਰ ਮਿਠਾਸ ਤੋਂ ਸੇਵਾ ਭਾਵ ਦੀ ਝਨਾ ਪ੍ਰਗਟ ਹੋਈ । ਭਾਈ ਨੰਦ ਲਾਲ ਜੀ ਨੂੰ ਸਿਦਕ ਤੇ ਪਵਿੱਤਰਤਾ ਦਾ ਬਾਦਸ਼ਾਹ ਕਹਿਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ। ਭਾਈ ਗੁਰਦਾਸ ਨੇ ਆਪ ਜੀ ਤੋਂ ਜੀਵਨ ਜੋਤਿ ਤੇ ਕਾਵਿ-ਦਾਤ ਗ੍ਰਹਿਣ ਕੀਤੀ ਸੀ। ਭਾਈ ਗੁਰਦਾਸ ਆਪ ਬਾਰੇ ਲਿਖਦੇ ਹਨ-**"ਬਾਬੇ ਨੇ ਕੁਲ ਕਵਲ ਅਛੋਤਾ।"**

ਭਾਵ ਆਪ ਨਾਨਕ ਕੁਲ ਵਿਚ ਨਿਰਲੇਪ ਕੰਵਲ ਹੋਏ ਹਨ।

ਪ੍ਰੋ. ਪੂਰਨ ਸਿੰਘ ਆਪਣੀ ਪੁਸਤਕ 'Ten Masters' ਵਿਚ ਲਿਖਦਾ ਹੈ - The poetry of Ram Dass flows like a stream of love.

ਸਤੇ ਬਲਵੰਡੇ ਦੀ ਵਾਰ ਵਿਚ ਆਪ ਦੀ ਪ੍ਰਤਿਭਾ ਇਉਂ ਪ੍ਰਗਟ ਹੋਈ ਹੈ -

**"ਧੰਨ ਧੰਨ ਰਾਮ ਦਾਸ ਗੁਰੁ, ਜਿਨਿ ਸਿਰਿਆ ਤਿਨੈ ਸਵਾਰਿਆ।**
**ਪੂਰੀ ਹੋਈ ਕਰਾਮਤਿ, ਆਪਿ ਸਿਰਜਣਹਾਰੈ ਧਾਰਿਆ॥**
**ਸਿਖੀ ਅਤੇ ਸੰਗਤੀ ਪਾਰਬ੍ਰਹਮ ਕਰ ਨਮਸਕਾਰਿਆ।"**

ਅਜਿਹੀ ਮਹਾਨ ਪ੍ਰਤਿਭਾ ਦੇ ਸਰੋਤ ਵਿਚੋਂ ਮਹਾਨ ਸਾਹਿਤ ਠਾਠਾਂ ਮਾਰਦਾ ਫੁਟ ਨਿਕਲਿਆ। ਫੁਟ ਕੀ ਨਿਕਲਿਆ ਸਗੋਂ ਹਰੀ ਕਰਤਾ ਨੇ ਆਪ ਹੀ ਬਖਸ਼ਸ਼ ਕੀਤੀ -

1. ਆਪੇ ਹਰਿ ਅਪੰਰਪਰ ਕਰਤਾ, ਹਰਿ ਆਪੇ ਬੋਲ ਬੁਲਾਇ।
2. ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖ ਲਿਖਾਹ।
3. ਹਉ ਮੂਰਖ ਕਛੂ ਨ ਜਾਣਦਾ ਸਭ ਕਿਹਾ ਹੁਕਮਾਉ ਜੀਉ।

ਆਪ ਨੇ ਆਪਣੀ ਬਾਣੀ ਵਿਚ ਸਮਾਨ ਸਮਾਜ ਦੀ ਨੀਂਹ ਧਰੀ-

1. ਹਰਿ ਇਕੋ ਕਰਤਾ ਇਕੁ, ਇਕੋ ਦੀਬਾਣੁ ਹਰਿ।
2. ਸਭ ਕੋ ਤੇਰਾ ਤੂੰ ਸਭਸ ਦਾ, ਤੂ ਸਭਨਾ ਰਾਸਿ।

ਇਹ ਮਾਨਵਵਾਦੀ ਸੰਦੇਸ਼ ਇਸ ਵੇਲੇ ਅਗਾਂਹ ਵਧੂ ਦ੍ਰਿਸ਼ਟੀਕੋਣ ਸੀ। ਆਪ ਦਾ ਰਚਿਆ ਇਕ ਇਕ ਸ਼ਬਦ ਸਮਾਜ ਦੇ ਜੀਵਨ ਦੀ ਉਸਾਰੀ ਦਾ ਨਵ ਨਿਰਮਾਣ ਕਰਦਾ ਹੈ। ਆਪ ਨੇ ਪਹਿਲਕੇ ਗੁਰੂਆਂ ਦੇ ਸਮਾਜਿਕ, ਰਾਜਨੀਤਿਕ, ਦਾਰਸ਼ਨਿਕ ਤੇ ਸਾਹਿਤਕ ਸਮੂਹ ਪ੍ਰਭਾਵ ਨਾ ਕੇਵਲ ਅਪਣਾਏ ਹੀ ਸਗੋਂ ਇਨ੍ਹਾਂ ਵਿੱਚ ਨਿੱਗਰ ਵਿਕਾਸ ਤੇ ਯੋਗ ਵਾਧਾ ਕੀਤਾ। ਆਪ ਨੇ 6½ ਸਾਲਾਂ ਵਿਚ 680 ਸ਼ਬਦ ਰਚਕੇ ਪੰਜਾਬੀ ਦੇ ਗੁਰਮਤਿ ਭੰਡਾਰੇ ਨੂੰ ਭਰਪੂਰ ਕੀਤਾ। ਜੇ ਅਸੀਂ ਗੁਰੂ ਸਾਹਿਬਾਨ ਦੀ ਬਾਣੀ ਦੀ ਔਸਤ ਕੱਢੀਏ ਤਾਂ ਸਭ ਤੋਂ ਵਧੇਰੇ ਬਾਣੀ ਆਪ ਦੀ ਹੀ ਹੈ।

ਆਪ ਨੇ ਸੱਚੀ ਫਕੀਰੀ ਦਾ, ਸੱਚੀ ਭਗਤੀ ਦਾ, ਸੱਚੀ ਸਿਖੀ ਦਾ ਸੱਚਾ, ਸੁੱਚਾ ਤੇ ਉੱਚਾ ਆਦਰਸ਼ ਸਥਾਪਿਤ ਕੀਤਾ:

1. ਕੋਈ ਆਣ ਮਿਲਾਵੈ ਮੇਰਾ ਪ੍ਰੀਤਮ ਪਿਆਰਾ।
   ਹਉ ਤਿਸ ਪਹਿ ਆਪੁ ਵੇਚਾਈ।
   ਦਰਸਨੁ ਹਰਿ ਦੇਖਣ ਕੇ ਤਾਈ।
2. ਜੇ ਸੁਖ ਦੇਹਿ ਤਾ ਤੁਝਹਿ ਅਰਾਧੀ
   ਦੁਖਿ ਭੀ ਤੁਝੈ ਧਿਆਈ।
   ਜੇ ਭੁਖ ਦੇਹਿ ਤਾ ਇਤਹੀ ਰਾਜਾ
   ਦੁਖ ਵਿਚ ਸੁਖ ਮਨਾਈ।
   ਤਨ ਮਨੁ ਕਾਟਿ ਕਾਟਿ ਸਭੁ ਅਰਪੀ
   ਵਿਚ ਅਗਨੀ ਆਪੁ ਜਲਾਈ।
   ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਧਾਈ।
   ਨਾਨਕ ਗਰੀਬ ਢਹਿ ਪਇਆ ਦੁਆਰੇ।
   ਹਰਿ ਮੇਲਿ ਲੇਹੁ ਵਡਿਆਈ।
   ਅਖੀ ਕਾਢ ਧਰੀ ਚਰਵਾ ਤਲਿ
   ਸਭ ਧਰਤੀ ਫਿਰਿ ਮਤ ਪਾਈ।
   ਜੇ ਪਾਸ ਬਹਾਲਹਿ ਤਾ ਤੁਝਹਿ ਅਰਾਧੀ
   ਜੇ ਮਾਰ ਕਢਹਿ ਭੀ ਧਿਆਈ।
   ਜੇ ਲੋਕ ਸਲਾਹੇ ਤਾ ਤੇਰੀ ਉਪਮਾ
   ਜੇ ਨਿੰਦੈ ਤਾ ਛੋਡਿ ਨ ਜਾਈ।

* ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਆਰੀਆ ਮਹਿਲਾ ਕਾਲਜ, ਦੀਨਾਨਗਰ-143 531 (ਗੁਰਦਾਸਪੁਰ)

ਆਮ ਕਰਕੇ ਗੁਰੂ ਰਾਮ ਦਾਸ ਜੀ ਦੀ ਬਾਣੀ ਗੁਰੂ ਨਾਨਕ ਦੀ ਕਠਿਨ ਬਾਣੀ ਦੀ ਵਿਆਖਿਆ ਹੈ। ਵਿਸ਼ੇਸ਼ ਕਰਕੇ ਗੁਰੂ ਨਾਨਕ ਦੀਆਂ 3 ਵਾਰਾਂ ਦੀ ਵਿਆਖਿਆ ਕਰਦੀਆਂ ਹਨ ਆਪ ਦੀਆਂ 8 ਵਾਰਾਂ ਜਿਵੇਂ ਵਾਰ ਕਾਨੜਾ ਵਿਚ ਸੁਣੀਐ ਤੇ ਮੰਨੀਐ ਦੀਆਂ ਪਉੜੀਆਂ ਦੀ ਵਿਆਖਿਆ ਹੈ। ਆਪ ਦਾ ਜੀਵਨ ਪ੍ਰੇਮ-ਸਾਧਨਾ ਦੀ ਕਸਵਟੀ ਹੈ ਆਪ ਦਾ ਪ੍ਰੇਮ ਵੈਰਾਗ ਦਾ ਇਕ ਅਠੱਲ ਵਹਿੰਦਾ ਦਰਿਆ ਹੈ। ਬਾਣੀ ਵਿਚ ਜੀਵਨ ਦਾ ਸੁਮੇਲ ਹੈ।

"ਜੋ ਹਮਰੀ ਬਿਧਿ ਹੋਈ ਮੇਰੇ ਸਤਿਗੁਰਾ
ਸੋ ਬਿਧਿ ਤੁਮ ਹਰਿ ਜਾਣਹੁ ਆਪੇ।
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ ।"

ਆਪ ਦਾ ਦਾਰਸ਼ਨਿਕ ਰਹੱਸਵਾਦ ਇਕ ਯਥਾਰਥ, ਅਖੀਂ ਡਿੱਠਾ ਮਨ, ਦਿਲ ਤੇ ਆਤਮਾ ਨਾਲ ਮਾਣਿਆ ਜਾ ਸਕਣ ਵਾਲਾ ਤਜਰਬਾ ਹੈ।

1. ਸਿਉ ਪਸਰੀ ਸੂਰਜ ਕਿਰਣਿ ਜੋਤਿ
   ਤਿਉ ਘਟਿ ਘਟਿ ਰਮਈਆ ਓਤ ਪੋਤ॥
2. ਕਾਸਟ ਮਹਿ ਜਿਉ ਹੈ ਬੈਸੰਤਰ, ਮਥਿ ਸੰਜਮਿ
   ਕਾਢਿ ਕਢੀਜੈ।
   ਰਾਮ ਨਾਮ ਹੈ ਜੋਤ ਸਬਾਈ, ਤਤ ਗੁਰਮਤਿ
   ਕਾਢਿ ਲਵੀਜੈ।

ਆਪ ਆਪਣੇ ਰਹੱਸਵਾਦ ਬਾਰੇ ਖੁਦ ਲਿਖਦੇ ਹਨ।

"ਜੇਹਾ ਡਿਠਾ ਮੈਂ ਤੇਹੋ ਕਹਿਆ।
ਤਿਸੁ ਰਸੁ ਆਇਆ ਜਿਨਿ ਭੇਦ ਲਹਿਆ॥"

ਆਪ ਦਾ ਰਹੱਸਵਾਦ ਇਕ ਨਵੀਂ ਰੂਪ ਰੇਖਾ ਵਾਲਾ ਰਹੱਸਵਾਦ ਹੋਕੇ ਪ੍ਰਗਟ ਹੁੰਦਾ ਹੈ। ਆਪ ਦਾ ਰਬ ਅਲੇਖ, ਅਭੇਖ ਤੇ ਅਗਾਧ ਹੁੰਦਿਆ ਵੀ ਅਦਿੱਖ ਨਹੀਂ ਹੈ। ਉਹ ਹਰ ਥਾਂ ਪਸਰੀ ਸੂਰਜ ਕਿਰਣ ਵਾਂਗ ਸਾਰੀ ਸ੍ਰਿਸਟੀ ਮਾਨਵਜਾਤੀ ਵਿਚ ਵਿਆਪਕ ਹੈ। ਆਤਮ ਸਾਧਨ ਤੇ ਸੰਜਮ ਨਾਲ ਉਹ ਲੱਕੜੀ ਵਿਚੋਂ ਅੱਗ ਵਾਂਗ ਪ੍ਰਾਪਤ ਹੋ ਜਾਂਦਾ ਹੈ। ਬਾਦਸ਼ਾਹ ਦੀ ਅਮੀਰੀ ਤੇ ਉਨ੍ਹਾਂ ਦੀ ਤਾਕਤ ਗੁਰੂ ਸਾਹਿਬ ਦੀ ਨਜ਼ਰ ਵਿਚ ਬਿਲਕੁਲ ਤੁਛ ਮਾਤਰ ਹੈ। ਉਨ੍ਹਾਂ ਦੀ ਸਚਾਈ ਦੌਲਤ ਤੇ ਸ਼ਕਤੀ ਦਾ ਮਿਆਰ-ਪੱਧਰ ਅਸੀਮ ਹੈ -

"ਜਿਤਨੇ ਸ਼ਾਹ ਪਾਤਸ਼ਾਹ ਉਮਰਾਣ ਸਿਕਦਾਰ
ਚਉਧਾਰੀ
ਸਭ ਮਿਥਿਆ ਝੂਠ ਭਾਉ ਦੂਜਾ ਜਾਣੁ।
ਹਰਿ ਅਬਿਨਾਸੀ ਸਦਾ ਥਿਰ ਨਿਹਚਲੁ
ਤਿਸ ਮੇਰੇ ਨਾਲ ਭਜੁ ਪਰਵਾਣੁ।
ਜਿਤਨੇ ਧਨਵੰਤ, ਕੁਲਵੰਤ, ਮਿਲਖਵੰਤ ਦੀ
ਸਹਿ ਮਨਮੋਰੇ
ਸਭਿ ਬਿਨਸਿ ਜਾਹਿ ਜਿਉ ਰੰਗ ਕੁਸੰਗ
ਕਚਾਣੁ।"

ਆਪ ਸਮੇਂ ਦੇ ਪਾਖੰਡੀ, ਦੰਭੀ ਸਾਧੂਆਂ ਦਾ ਪਰਦਾ ਪਾਸ਼ ਕਰਦੇ ਹਨ-

1. ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ
   ਮੀਟਦੇ।
   ਉਨ ਕਾ ਉਤਰ ਜਾਇਗਾ ਝੂਠੁ ਗੁਮਾਨੁ।
2. ਬਿਨ ਪ੍ਰੀਤੀ ਕਰਹਿ ਬਹੁ ਬਾਤਾਂ
   ਕੂੜ ਬੋਲ ਕੂੜੋ ਫਲ ਪਾਵੈ।

ਆਪ ਦਾ ਵਿਸ਼ਵਾਸ਼ ਹੈ ਕਿ ਜਦ ਆਤਮਕ ਜਾਗ੍ਰਿਤੀ ਆ ਜਾਂਦੀ ਹੈ ਤਾਂ ਸੱਚੀ ਸਾਂਝੀਵਾਲਤਾ ਆਪਣੇ ਆਪ ਆ ਹਾਜ਼ਰ ਹੁੰਦੀ ਹੈ ਤਾਂ ਸਭ ਵਿਤਕਰਿਆਂ ਦੀਆਂ ਦੀਵਾਰਾਂ ਕਿਰ ਜਾਂਦੀਆਂ ਹਨ। ਤਦ ਜ਼ੋਰ ਜ਼ਬਰ ਜ਼ੁਲਮ, ਘਿਰਣਾ, ਆਦਿ ਕਿਸੇ ਪਹਿਲੂ ਦੀ ਲੋੜ ਨਹੀਂ ਰਹਿੰਦੀ।

ਆਪ ਦੀ ਸਮੂਹ ਰਚਨਾ ਵਿਚ ਜਜ਼ਬੇ ਗੁੱਧੀ ਬੌਧਿਕਤਾ ਹੈ। ਵਲਵਲਿਆਂ ਦਾ ਹੜ੍ਹ ਹੈ। ਬਾਣੀ ਵਲਵਲੇ ਦਾ ਨਿਰੰਤਰ ਵਹਿਣ ਹੈ। ਇਸ ਵਿਚ ਬੁਧੀ ਦਾ ਸੁਮੇਲ ਹੈ। ਬਾਣੀ ਵਿਚ ਵਲਵਲਾ ਤੇ ਬੁਧੀ ਆਪਸ ਵਿਚ ਘੁਲ ਮਿਲ ਜਾਂਦੇ ਹਨ। ਗਲਵਕੜੀ ਪਾਉਂਦੇ ਹਨ। ਇਸ ਤਰ੍ਹਾਂ ਲੋਕਾਂ ਤਕ ਨਿਰੋਏ ਖ਼ਿਆਲ ਉਪਦੇਸ਼ ਪੁਜਦੇ ਜਾਂਦੇ ਹਨ।

1. ਦਿਨਸ ਚੜੇ ਫਿਰ ਆਥਣੇ ਰੈਣਿ ਸਬਾਈ
   ਜਾਇ।
   ਆਵ ਘਟੈ ਨਹਨ ਬੁਝ, ਨਿਤ ਸੂਮਾ ਲਾਜ
   ਟੁਕਾਇ।
   ਗੁੜ ਮਿਠਾ ਮਾਇਆ ਪਸਰਿਆ ਮਨਮੁਖ
   ਲਗਿ ਮਾਖੀ ਪਚੈ ਪਚਾਇ,
2. ਭਾਈ ਰੇ ਮੈਂ ਮੀਤ ਸਖਾ ਪ੍ਰਭ ਸੋਇ।
   ਪੁਤ ਕਲਤ ਮੋਹ ਬਿਖ ਹੈ
   ਅੰਤ ਬੇਲੀ ਕੋਇ ਨ ਹੋਇ।

ਆਪ ਦੇ ਰਹੱਸਵਾਦ ਦੇ ਦੋ ਰੰਗ ਹਨ। ਇਹ ਗਿਆਨ ਤੇ ਦਰਸ਼ਨ ਪ੍ਰਧਾਨ ਹੁੰਦਾ ਹੋਇਆ ਵੀ

ਪ੍ਰੀਤਾਤਮਕ ਹੈ। ਇਸ ਵਿਚ ਗਿਆਨ ਤੇ ਪ੍ਰੇਮ ਦੁਹਾਂ ਦਾ ਹੀ ਰੂਪ ਰੰਗ ਹੈ! ਉਨ੍ਹਾਂ ਦੀ ਪ੍ਰੇਮ ਦੀ ਨਦੀ ਦਾ ਹੜ੍ਹ ਠਾਠਾਂ ਮਾਰਦਾ ਹੋਇਆ ਲੌਕਿਕ ਹੁੰਦਾ ਵੀ ਅਲੌਕਿਕ ਅਤੇ ਅਲੌਕਿਕ ਹੁੰਦਾ ਵੀ ਲੌਕਿਕ ਹੈ। ਪ੍ਰੇਮ ਰਸ ਰਤਿਆਂ ਦੀਆਂ ਪੰਕਤੀਆਂ ਲੰਮੀਆਂ ਹੋ ਜਾਂਦੀਆਂ ਹਨ। ਕਿਉਂਕਿ ਪ੍ਰੇਮ ਵਲਵਲੇ ਦੇ ਹੜ੍ਹ ਨੂੰ ਦਰਿਆਵਾਂ ਦੇ ਕਲਾਵਿਆਂ ਵਿਚ ਨਹੀਂ ਬੰਨ੍ਹਿਆਂ ਜਾ ਸਕਦਾ। ਇਹ ਬੰਨ੍ਹਿਆਂ ਤੋਂ ਉਪਰ ਉਛਲ ਪੈਂਦਾ ਹੈ। ਕਹਿਣ ਤੋਂ ਭਾਵ ਕਿ ਪ੍ਰੇਮ ਅਗੇ ਛੰਦ ਪ੍ਰਬੰਧ ਢਿਲਕ ਜਾਂਦਾ ਹੈ। ਬੋਲੀ ਆਪ ਮੁਹਾਰੀ ਦੌੜਦੀ ਤੇ ਤਿਲਗਦੀ ਹੋਈ ਆਪਣੇ ਆਪ ਆ ਹਾਜ਼ਰ ਹੁੰਦੀ ਹੈ। ਸ਼ਬਦ ਦੁਹਰਾਏ ਜਾਂਦੇ ਹਨ। ਇਹੀ ਪ੍ਰਤਖ ਸਬੂਤ ਹੈ ਪ੍ਰੇਮ ਦੇ ਕੁਠਿਆਂ ਦਾ ਪ੍ਰੇਮ ਦੀ ਕਥਾ ਅਕਥ ਹੈ।

ਆਪ ਜਦ ਆਤਮਾ ਦੇ ਅਗੰਮ ਅਪਾਰ ਨਿਰੰਜਣ ਹੋਣ ਅਤੇ ਸਾਰੀ ਦੁਨੀਆਂ ਨੂੰ ਨਿਰਮਾਣ ਕਰਨ ਤੇ ਵਿਕਾਸ ਕਰਨ ਵਾਲਾ ਦਸਦੇ ਹਨ ਤਾਂ ਉਨ੍ਹਾਂ ਦਾ ਵਰਣਨ ਵਧੇਰੇ ਦਾਸ਼ਨਿਕ ਹੋ ਜਾਂਦਾ ਹੈ-

"ਤੂੰ ਆਪੇ ਦਾਤਾ ਆਪੇ ਭੁਗਤਾ ਜੀ
ਹਉ ਤੁਧ ਬਿਨ ਅਵਰ ਨਾ ਜਾਣਾ।
ਤੂੰ ਪਾਰਬ੍ਰਹਮ ਬੇਅੰਤ ਬੇਅੰਤ ਜੀ
ਤੇਰੇ ਕਿਆ ਗੁਣ ਆਖ ਵਖਾਣਾ।"

ਪਰੰਤੂ ਜਦ ਆਪ ਪ੍ਰੇਮ ਜਾਂ ਬਿਰਹਾ ਦਾ ਵਰਣਨ ਕਰਨ ਲਗਦੇ ਹਨ ਤਾਂ ਆਪ ਦਾ ਰਹੱਸਵਾਦ ਭਾਵਾਤਮਕ ਦਾ ਪ੍ਰੀਤਾਤਮਕ ਹੋ ਜਾਂਦਾ ਹੈ। ਉਦੋਂ ਦਾਰਸ਼ਨਿਕਤਾ ਅਲੋਪ ਹੋ ਜਾਂਦੀ ਹੈ। ਆਪ ਦੀ ਪ੍ਰੇਮ ਭਗਤੀ ਨਿਰਗੁਣ ਧਾਰਾ ਦੀ ਹੈ।

1. ਹਉ ਅਨਦਿਨ ਹਰਿ ਨਾਮੁ ਕੀਰਤਨ ਕਰਉ
ਸਤਿਗੁਰ ਮੋਕਉ ਹਰਿ ਨਾਮ ਬਤਾਇਆ।
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ।
2. ਜਿਉਂ ਮਛਲੀ ਬਿਨ ਨੀਰੈ ਬਿਨਸੈ
ਤਿਉ ਨਾਮੈ ਬਿਨੁ ਮਰਿ ਜਾਈ।

ਆਪ ਦੀ ਬਾਣੀ ਪ੍ਰਕਿਰਤੀ ਚਿਤਰਨ ਪਖੋਂ ਵੀ ਵਿਸ਼ੇਸ਼ ਹੈ। ਆਤਮਾ ਤੇ ਪ੍ਰਕਿਰਤੀ ਮਿਲਕੇ ਪ੍ਰੀਤਮ ਦੀ ਭਾਲ ਕਰਦੀਆਂ ਹਨ। ਪ੍ਰੇਮ ਲਾਟਾਂ ਵਿਚ ਬਲ ਉਸ ਦਾ ਦੀਦਾਰ ਪਾਉਂਦੀਆਂ ਹਨ। ਕੁਦਰਤ ਤੇ ਕਾਦਰ ਇਕ ਖੁਮਾਰ ਵਿਚ ਖੋ ਜਾਂਦੇ ਹਨ। ਇਸ ਤ੍ਰਿਗੜੇ ਦਾ ਰੂਪ ਇਕ ਹੋ ਜਾਂਦਾ ਹੈ। ਫੁਲਾਂ ਤੇ ਖੇੜੇ, ਨਦੀਆਂ ਦੀ ਰਵਾਨੀ, ਝਰਨਿਆਂ ਦੇ ਪਾਣੀ। ਚੰਨ ਦੀਆਂ ਰਿਸ਼ਮਾਂ ਤੇ ਸਾਗਰ ਲਹਿਰਾਂ ਵਿਚ ਅਲੌਕਿਕ ਕਿਸਮ ਦੀ ਅਮਰ ਛਾਇਆ ਦ੍ਰਿਸ਼ਟੀ ਗੋਚਰ ਹੁੰਦੀ ਹੈ।

ਜਿਉਂ ਪਸਰੀ ਸੂਰਜ ਕਿਰਨ ਜੋਤਿ
ਤਿਉ ਘਟਿ ਘਟਿ ਰਮਈਆ ਓਤ ਪੋਤ।

ਆਪ ਪ੍ਰਕਿਰਤੀ ਨੂੰ ਆਪਣੀ ਖੁਸ਼ੀ ਦੇ ਪ੍ਰਗਟਾ ਲਈ ਚਿਤਰਦੇ ਹਨ - "ਬਰਸੈ ਮੇਘੁ ਸਖੀ ਘਰਿ ਪਾਹੁਨ ਆਇ।"

ਕਈ ਵਾਰ ਆਪ ਆਪਣੀ ਦ੍ਰਿੜਤਾ ਦੀ ਦੀਰਘਤਾ ਤੇ ਅਟਲਤਾ ਪ੍ਰਗਟਾਉਣ ਲਈ ਪ੍ਰਕਿਰਤੀ ਚਿਤਰਨ ਕਰਦੇ ਹਨ -

1. ਝਖੜ ਝਾਗੀ ਮੀਂਹ ਵਰਸੈ ਭੀ ਗੁਰ ਦੇਖਣ ਜਾਈ।
ਸਮੁੰਦ ਸਾਗਰੁ ਹੋਵੈ ਬਹੁ ਖਾਰਾ ਗੁਰਸਿਖ ਲੰਘਿ ਗੁਰ ਪਹਿ ਜਾਈ।
2. ਪਾਲਾ ਕਕਰੁ ਵਰਫ ਬਰਸੈ ਗੁਰਸਿਖ ਗੁਰਦੇਖਣ ਜਾਈ।

ਆਪ ਨੂੰ ਸਾਰੀ ਕੁਦਰਤ ਕਾਦਰ ਦਾ ਜਾਪ ਕਰਦੀ ਲਗਦੀ ਹੈ- "ਚਾਤ੍ਰਿਕ ਮੋਰ ਬੋਲਤ ਦਿਨੁਗਤੀ ਸੁਨਿ ਘਨਿਹਰਿ ਕੀ ਘੋਰ।

ਜੋ ਬੋਲਤ ਹੈ ਕੀਨ ਪੰਖੇਰੂ ਸੁਬਿਨੁ ਹਰਿ ਜਾਪਤ ਹੈ ਨਹੀ ਹੋਰ।"

ਵਰਖਾ ਰੁਤ ਦਾ ਚਿਤਰ-

"ਉਨਵੈ ਘਨੁ ਘਨ ਘਨਿਹਰੁ ਗਰਜੈ
ਮਨਿ ਬਿਗਸੈ ਮੋਰ ਮੁਰੇਲ।"

ਚੇਤ ਦੀ ਬਸੰਤ ਰੁਤ ਆਪ ਨੂੰ ਪ੍ਰਭੂ ਬਿਨਾ ਚੰਗੀ ਨਹੀਂ ਲਗਦੀ।

ਚੜਿ ਚੇਤੁ ਬਸੰਤ ਮੇਰੇ ਪਿਆਰੇ ਭੁਲੀਆ ਰੁਤੇ।
ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣ ਧੂੜ ਲੁਤੇ।

ਭਾਵੇਂ ਨਿਰੋਲ ਪ੍ਰਕਿਰਤੀ ਚਿਤਰਨ ਦੇ ਦ੍ਰਿਸ਼ ਨਹੀਂ ਪੇਸ਼ ਕੀਤੇ, ਪਰ ਪ੍ਰਕਿਰਤੀ ਦ੍ਰਿਸ਼ਾਂ ਦੇ ਕਲਾਤਮਕ ਤੇ ਸੰਜਮੀ ਚਿਤਰਾਂ, ਅਲੰਕਾਰਾਂ ਨਾਲ ਰਹੱਸਤਮਕ ਲੋਰ ਨੂੰ ਸੁਹਣਾ ਰੂਪਮਾਨ ਕੀਤਾ ਹੈ । ਆਪ ਦੀ ਪ੍ਰਕਿਰਤੀ ਚਿਤਰਨ ਸ਼ੈਲੀ ਵਿਚ ਇਕ ਅਦੁੱਤੀ ਅੰਮ੍ਰਿਤ ਵਰਗਾ ਰਸ ਭਿੱਜਾ ਹੁਲਾਰਾ ਹੈ ਜੋ ਕਾਦਰ ਦੀ ਕੁਦਰਤ ਦੇ ਦੀਦਾਰ ਕਰਾ ਕੁਦਰਤ ਦੇ ਸੱਤ ਭਰਪੂਰ ਝਲਕਾਰੇ ਪੇਸ਼ ਕਰਦਾ ਹੈ।

ਸਾਂਸਕ੍ਰਿਤਕ ਪੱਖੋਂ ਵੀ ਆਪਦੀ ਬਾਣੀ ਦੀ ਦੇਣ ਅਦੁੱਤੀ ਹੈ। ਜਿਵੇਂ ਉਪਰ ਤੱਕਿਆ ਹੈ ਕਿ ਪ੍ਰਕਿਰਤਕ

ਜੀਵਨ ਚਿਤਰਨ ਹਨ। ਸਾਧਾਰਨ ਜੀਵਨ ਚਿਤਰਨ ਹੈ। ਪਰਿਵਾਰਕ ਜੀਵਨ ਚਿਤਰਨ ਹੈ। ਸਮਾਜਿਕ ਜੀਵਨ ਚਿਤਰਨ ਹੈ। ਆਸ਼ਰਮ ਵਿਆਵਸਥਾ ਦਾ, ਮਨੋਵਿਨੋਦ ਦੇ ਸਾਧਨਾ ਦਾ, ਉਤਸਵਾਂ, ਤਿਉਹਾਰਾਂ ਲੋਕਾਚਾਰਾ, ਮਨੁੱਖੀ ਵਿਸ਼ਵਾਸਾਂ ਉਤੇ ਚੰਗਾ ਚਾਨਣਾ ਪਾਇਆ ਹੈ। ਆਪ ਸਮਾਜ ਵਿਚ ਸੱਚੀ ਸਾਂਝੀਵਾਲਤਾ ਨੂੰ ਕਾਇਮ ਰਖਣਾ ਚਾਹੁੰਦੇ ਹਨ। ਆਪ ਆਤਮਕ ਜਾਗ੍ਰਤੀ ਲਿਆਉਣਾ ਚਾਹੁੰਦੇ ਹਨ। ਸਮਕਾਲੀਨ ਸਮਾਜ ਵਿਚ ਹਿੰਦੂ ਮੁਸਲਮਾਨਾਂ ਦਾ ਆਪਸੀ ਵਿਰੋਧ, ਦਵੈਸ਼, ਈਰਖਾ ਬਹੁਤ ਸੀ। ਸਮਾਜਿਕ ਕਾਣੀ ਵੰਡ ਸੀ। ਬ੍ਰਾਹਮਵਾਦ ਬਹੁਤ ਸੀ। ਬ੍ਰਾਹਮਣਾ ਦਾ ਦਬਾਉ ਸੀ। ਆਪਨੇ ਸਾਦਗੀ ਤੇ ਆਤਮਕ ਜਾਗ੍ਰਿਤਾ ਲਿਆਂਦੀ। ਜਨਮ ਮਰਨ ਵਿਆਹ ਸ਼ਾਦੀਆਂ ਦੀਆਂ ਗੀਤਾਂ ਰਸਮਾਂ ਵਿਚ ਕ੍ਰਾਂਤੀ ਲਿਆਂਦੀ। ਇਸ ਪੱਖੋਂ ਲਾਵਾਂ ਦੀ ਅਦੁੱਤੀ ਦੇਣ ਹੈ। ਨੀਚ ਊਚ ਦਾ ਭਰਮ ਭੁਲੇਖਾ ਦੂਰ ਕੀਤਾ। ਮੁਰਦਾਰ ਖਾਣ ਤੋਂ ਵਰਜਿਆ। ਸਮਾਜਿਕ ਸ਼੍ਰੇਣੀ ਵੰਡ ਵਿਰੋਧ ਵਿਚ ਆਵਾਜ਼ ਉਠਾਈ। ਨਾਮ ਦੇ ਉਤਮ ਵਿਉਪਾਰ ਲਈ ਪ੍ਰੇਰਣਾ ਦਿਤੀ।

ਆਪ ਦੀ ਬਾਣੀ ਵਿਚ ਸਮਕਾਲੀਨ ਰਾਜਨੀਤਿਕ ਜੀਵਨ ਦੀ ਝਲਕ ਵੀ ਹੈ। ਉਸ ਵੇਲੇ ਮੁਗਲ ਰਾਜ ਸੀ। ਰਜਵਾੜਾ ਸ਼ਾਹੀ ਦਾ ਬੋਲਬਾਲਾ ਸੀ। ਮਨੁੱਖ ਰਾਜ ਭੋਗ ਲਈ ਹੀ ਸਾਰੇ ਕੰਮ ਕਰਦੇ ਸਨ। ਆਪ ਸ਼ਾਹੀ ਜੀਵਨ ਨੂੰ ਤੁਛ ਸਮਝਦੇ ਹਨ। ਅਕਬਰ ਦੀ ਬਾਦਸ਼ਾਹਤ ਨਾਲੋਂ ਉਨ੍ਹਾਂ ਨੇ ਵਖਰੀ ਅਨੋਖੀ ਅੱਲਾ ਦੀ ਬਾਦਸ਼ਾਹਤ ਕਾਇਮ ਕੀਤੀ। ਆਪ ਨੇ ਭਗਤੀ ਤੇ ਧਰਮ ਤੇ ਲੋਕਾਂ ਨੂੰ ਤੋਰਿਆ। ਆਪ ਦੀ ਬਾਣੀ ਸਾਂਸਕ੍ਰਿਤਕ ਚਿਤਰਨ ਦੀ ਇਕ ਨੁਮਾਇਸ਼ ਹੈ। ਜਿਸ ਵਿਚ ਭਾਂਤ ਭਾਂਤ ਦੇ ਜੀਵਨ ਪੱਖਾਂ ਤੇ ਵਿਚਾਰ ਕੀਤਾ ਮਿਲਦਾ ਹੈ।

ਆਪਨੇ ਹਰ ਤਰ੍ਹਾਂ ਨਾਲ ਨਾਮ ਦੀ ਉਚਤਮ ਵਡਿਆਈ ਦਰਸਾਈ ਹੈ। ਇਥੋਂ ਤਕ ਕਿ ਆਪ ਨੇ ਇਤਿਹਾਸ ਮਿਥਿਹਾਸ ਵੀ ਚਿਤਰਕੇ ਨਾਮ ਦੀ ਵਡਿਆਈ ਨੂੰ ਉਜਾਗਰ ਕੀਤਾ ਹੈ।

**"ਹਰ ਜੁਗ ਜੁਗ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ।**
**ਹਰਨਾਖਸ਼ ਦੁਸ਼ਟ ਹਰਿ ਮਾਰਿਆ ਪ੍ਰਹਲਾਦ ਤਰਾਇਆ।**
**ਅਹੰਕਾਰੀਆਂ ਨਿੰਦਕਾਂ ਪਿਠ ਦੇ ਨਾਮ ਦਉ ਮੁਖ ਲਾਇਆ।**
**ਜਨ ਨਾਨਕ ਐਸਾ ਹਰਿ ਸੇਵਿਆ ਅੰਤ ਲਏ ਛਡਾਇਆ।"**

ਆਪ ਦੀ ਬਾਣੀ ਵਿਚ ਸਮਕਾਲੀਨ ਇਤਿਹਾਸਕ ਹਵਾਲੇ ਵੀ ਹਨ। ਜਿਵੇਂ ਇਸ ਇਤਿਹਾਸਕ ਹਵਾਲੇ ਵਿਚ ਗੋਇੰਦਵਾਲ ਲੋਭੀ ਤਪੇ ਵਲ ਇਸ਼ਾਰਾ ਹੈ –

**"ਤਪਾ ਨ ਹੋਵੈ ਅੰਦਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ।**
**ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ, ਪਿਛੋਂ ਦੇ ਪਛਤਾਇਕੈ।**
**ਅਣਿ ਤਪੈ ਪੁਤੁ ਵਿਚ ਬਹਾਲਿਆ।"**

ਦੂਜਾ ਹਵਾਲਾ ਗੋਂਦਨਾਮੀ ਮਰਵਾਹਾ ਖਤਰੀ ਦੇ ਪੁਤਰ ਵਲ ਹੈ–

**"ਮਲ ਜੁਈ ਭਰਿਆ ਨੀਲਾਕਾਲਾ ਖਿਧੋਲੜ।**
**ਤਿਨਿ ਵੇਮੁਖਿ ਵਮੁਖੈ ਨੋ ਪਾਇਆ।**
**ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ**
**ਪੜਿ ਸਗਲਵੀਮਲੁ ਲਾਇ ਮਨਮੁਖੁ ਆਇਆ।"**

ਚੌਥਾ ਆਪ ਨੇ ਉਸ ਸਮੇਂ ਲਗੇ ਤੀਰਥ ਸਥਾਨਾਂ ਤੇ ਟੈਕਸਾਂ ਵਿਰੁੱਧ ਆਵਾਜ਼ ਉਠਾਈ ਤੇ ਮਾਫ ਕਰਵਾਇਆ–

**"ਤੀਰਥ ਉਦਮੁ ਸਤਿਗੁਰ ਕੀਆ**
**ਸਭ ਲੋਕ ਉਧਰਣ ਅਰਥਾ।"**

ਰਾਗ ਵਿਦਿਆ ਦੇ ਪੱਖੋਂ ਵੀ ਆਪ ਦੀ ਦੇਣ ਅਦੁਤੀ ਹੈ –ਰਾਗ ਵਿਦਿਆ ਵਿਚ ਬਾਣੀ ਰਚੀ। ਆਪ ਨੇ 30 ਰਾਗਾਂ ਵਿਚ ਬਾਣੀ ਰਚੀ। 1. ਸ੍ਰੀ ਰਾਗ 2. ਮਾਝ 3. ਗਉੜੀ 4. ਆਸਾ 5. ਗੁਜਰੀ 6. ਦੇਵ ਗੰਧਾਰੀ 7. ਸੋਰਠਾ 8. ਬਿਹਾਗੜਾ 9. ਧਨਾਸਰੀ 10. ਵਡਹੰਸ 11. ਜੈਤਸਰੀ 12. ਬੈਰਾੜੀ 13. ਟੋਢੀ 14. ਤਿਲੰਗ 15. ਬਿਲਾਵਲੁ 16. ਸੂਹੀ 17. ਮਾਰੂ 18. ਮਾਜੀ 19. ਗਉੜਾ 20. ਰਾਮਕਲੀ 21. ਗੋਂਦ 22. ਨਟ ਨਾਰਾਇਣ 23. ਬਸੰਤ 24. ਭੈਰਉ 25. ਤੁਖਾਰੀ 26. ਕੇਦਾਰਾ 27. ਸਾਰੰਗ 28. ਮਲ੍ਹਾਰ 29. ਕਾਨੜਾ 30. ਕਲਿਆਣ 31. ਪ੍ਰਭਾਤੀ। ਇਸ ਰਾਗ ਵਿਦਿਆ ਦੀ ਨਿਪੁੰਨਤਾ ਸਦਕਾ ਰਾਗ ਦੀ ਸੂਖਮ ਕਲਾ ਖੇਤਰ ਵਿਚ ਅਪ ਨੇ ਇਕ ਅਮਿਟ ਛਾਪ ਲਾਕੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਆਪ ਨੇ ਵੱਖ ਵੱਖ ਕਾਵਿ ਰੂਪਾਂ ਤੇ ਛੰਦਾ ਬੰਦੀ ਨੂੰ ਅਪਨਾਇਆ। ਛੰਦ ਸ਼ਾਸਤਰ ਵਿਚ ਵੀ ਆਪ ਨਿਪੁੰਨ ਹਨ। ਆਪ ਨੇ ਲੋਕ ਪ੍ਰਚਲਤ ਛੰਦਾਂ ਤੇ ਕਾਵਿ ਰੂਪਾਂ ਨੂੰ

ਲਿਆ ਹੈ। ਆਪ ਨੇ ਮਾਤਰਾਵਾਂ ਦਾ ਵੀ ਖਿਆਲ ਰਖਿਆ ਹੈ। ਆਪ ਦੀ ਕਵਿਤਾ ਵਿਚੋਂ ਸੰਗੀਤਕ ਲੈਅ ਤੇ ਛੰਦ ਚਾਲ ਦਾ ਰਸ ਨਹੀ ਟੁਟਦਾ। ਨਾਨਾ ਪ੍ਰਕਾਰ ਦੇ ਤੁਕਾਂਤ ਵੀ ਰਾਗ ਤੇ ਰਸ ਦੀ ਅਟੁਟ ਲੈਅ ਪੈਦਾ ਕਰਦੇ ਹਨ। ਸ਼ਬਦਾਂ ਨੂੰ ਇਨ੍ਹਾਂ ਨੇ ਅਨੁਸਾਰੀ ਬਣਾਕੇ ਨਵੇਂ ਰੂਪ ਦੇਕੇ ਤੋੜ ਮਰੋੜ ਕੇ ਪੇਸ਼ ਕੀਤਾ ਹੈ। ਸ਼ੈਲੀ ਰਸ ਭਰਪੂਰ ਤੇ ਪ੍ਰਭਾਵਸ਼ਾਲੀ ਹੈ। ਆਪ ਦੀ ਬਾਣੀ ਵਿਚ ਢੁਕਵੇਂ ਦ੍ਰਿਸ਼ਟਾਂਤ ਬੇਅੰਤ ਹਨ। ਅਜਿਹੀ ਅਵਸਥਾ ਇਕ ਅਨਹਦ ਨਾਦ ਦਾ ਸੁਰਤਾਲ ਛੇੜਦੀ ਹੈ ਤਾਂ ਹੀ ਆਪ ਦੀ ਬਾਣੀ ਵਿਚ ਦੁਹਰਾਵਰਤੀ ਬਿੰਬਾਵਲੀ ਤੇ ਸ਼ਬਦਾਵਲੀ ਮਿਲਦੀ ਹੈ। ਨਿਰਸੰਦੇਹ ਆਪ ਇਕ ਮਹਾਨ ਕਵੀ, ਰਾਗ ਵਿਦਿਆ ਵਿਚ ਨਿਪੁੰਨ, ਸ਼ੁੱਧ ਤੇ ਠੇਠ ਪੰਜਾਬੀ ਬੋਲੀ ਦੇ ਉਸਤਾਦ, ਪਿਆਰ ਤੇ ਸੁੰਦਰਤਾ ਦੇ ਅਨੁਭਵੀ ਅਤੇ ਬਲਵਾਨ ਕਲਪਨਾ ਦੇ ਮਾਲਕ ਹਨ। ਆਪ ਦੀ ਰਚਨਾ ਵਿਚ ਬੌਧਿਕ ਪੱਧਰ ਉਚੇਚ ਦਾ ਪ੍ਰਭਾਵ ਉਕਾ ਨਹੀਂ ਦੇਂਦਾਂ, ਸਗੋਂ ਰਚਨਾ ਨੂੰ ਉਚਿਆਉਂਦਾ ਹੈ। ਪੜ੍ਹਨ ਤੇ ਸਮਝਣ ਵਿਚ ਕੋਈ ਅੱਖਰ ਅਖੜਕਦਾ ਬਿਲਕੁਲ ਨਹੀਂ ਤੇ ਨਾ ਹੀ ਕੋਈ ਭਾਵ ਬੋਝਲ ਪ੍ਰਤੀਤ ਹੁੰਦਾ ਹੈ। ਬੋਲੀ ਦੇ ਪੱਖੋਂ ਆਪ ਦੀ ਰਚਨਾ ਪਹਿਲੇ ਗੁਰੂ ਸਾਹਿਬਾਨ ਨਾਲੋਂ ਵਧੇਰੇ ਪ੍ਰਸੰਸਾਯੋਗ ਹੈ। ਆਪ ਦੀ ਬੋਲੀ ਨਿਰੋਲ ਪੰਜਾਬੀ ਹੈ। ਆਪ ਦਾ ਸ਼ਬਦ ਭੰਡਾਰ ਬੜਾ ਵਿਸ਼ਾਲ ਹੈ। ਆਪ ਨੇ ਮਨੋਵਿਗਿਆਨਕ, ਰਾਜਨੀਤਕ, ਪਰਿਵਾਰਕ, ਵਿਵਹਾਰਿਕ ਤੇ ਸਮਾਜਕ ਜੀਵਨ ਲਈ ਵੱਖਰੇ ਵੱਖਰੇ ਤੇ ਯੋਗ ਢੁਕਵੇਂ ਸ਼ਬਦਾਂ ਦੀ ਵਰਤੋਂ ਕੀਤੀ ਹੈ। ਆਪ ਲੋੜ ਪੈਣ ਤੇ ਨਵੇਂ ਸ਼ਬਦ ਘੜਨ ਦੇ ਪੁਰਾਣੇ ਸ਼ਬਦਾਂ ਨੂੰ ਨਵਾਂ ਰੂਪ ਦੇਣ ਵਿਚ ਵੀ ਕਮਾਲ ਦੀ ਮੁਹਾਰਤ ਰਖਦੇ ਹਨ। ਪੰਜਾਬੀ ਸ਼ਬਦ ਭੰਡਾਰੇ ਵਿਚ ਆਪ ਨੇ ਨਿੱਗਰ ਵਾਧਾ ਕੀਤਾ ਹੈ।

ਸ਼ਾਇਦ ਆਪ ਦੀ ਬਾਣੀ ਦੀ ਸਭ ਤੋਂ ਵੱਡੀ ਦੇਣ ਇਸ ਦੀ ਪ੍ਰਗੀਤਾਤਮਕਤਾ ਹੈ। ਸਚ ਤਾਂ ਇਹ ਹੈ ਕਿ ਸੰਯੋਗੀ ਵਿਯੋਗੀ ਵਲਵਲੇ ਦੀ ਤੀਖਣਤਾ ਤੇ ਵਿਆਕੁਲਤਾ ਦੇ ਰੋੜ੍ਹ ਵਿਚ ਗੁਰੂ ਕਵੀ ਮਨ ਗਾ ਉੱਠਿਆ ਹੈ ਅਤੇ ਪ੍ਰਗੀਤਾਤਮਕਤਾ ਕਾਵਿ ਦੀ ਸਿਰਜਣਾ ਆਵੇਸ਼ ਵਿਚ ਹੀ ਹੋ ਗਈ ਹੈ। ਛੰਦ ਨੇ ਤੋਲ ਤੇ ਰਾਗ ਨੂੰ ਤੀਖਣ ਕੀਤਾ ਹੈ। ਤੁਕਾਂਤ ਨੇ ਕੰਨ ਰਸ ਵਿਚ ਮਿਠਾਸ ਭਰੀ ਹੈ ਤੇ ਗੀਤ ਨੂੰ ਮਧੁਰਤਾ ਬਖਸ਼ੀ ਹੈ। ਇਸ ਨਾਲ ਬਾਣੀ ਵਿਚ ਰਸ ਧਵਨੀ, ਤਾਲ, ਲੈਅ ਤੇ ਵਹਾਓ ਆ ਗਿਆ ਹੈ। ਚਿਤਰਾਂ ਦੇ ਚਿਤਰ ਜਦ ਨੈਣਾਂ ਸਾਹਵੇਂ ਰਾਤ ਦੇ ਤਾਰਿਆਂ ਵਾਂਗ ਝਲਕਦੇ ਹਨ ਤਾਂ ਇਕ ਅਦੁਤੀ ਅਨੰਦ ਪੈਦਾ ਹੁੰਦਾ ਹੈ। ਕਲਪਨਾ ਨੇ ਵਲਵਲੇ ਨੂੰ ਧੂਹ ਪਾਉਣ ਵਾਲਾ ਤੇ ਦਿਲ ਧੜਕਾ ਦੇਣ ਵਾਲਾ ਬਣਾ ਦਿਤਾ ਹੈ। ਕਵਿਤਾ ਕੀ ਹੈ? ਸਗੋਂ ਤਿੱਤਰ-ਮੋਰ-ਖੰਭੀ ਚਿਤਰਕਾਰੀ ਹੈ। ਵਿਸ਼ੇਸ਼ ਕਰਕੇ ਛੱਕੇ-ਛੰਤਾਂ ਵਿਚ ਪ੍ਰਗਟਾਏ ਗਏ ਵਿਚਾਰਾਂ ਦੀ ਮਹਾਨਤਾ ਇਹ ਹੈ ਕਿ ਇਹ ਨਿੱਜੀ ਹੁੰਦੇ ਹੋਏ ਵੀ ਅਨਿੱਜੀ ਹਨ। ਸਗੋਂ ਇਹ ਹਰੇਕ ਬਿਰਹੋਂ ਕੁਠੀ ਰੂਪ ਦੀ ਵਿਆਕੁਲਤਾ ਬਣ ਗਏ ਹਨ। ਜੋ ਕੋਈ ਵੀ ਪੜ੍ਹਦਾ ਹੈ। ਉਹ ਇਨ੍ਹਾਂ ਵਿਚੋਂ ਆਪਣੀ ਹੀ ਆਤਮਾ ਦੀ ਬਿਹਬਲਤਾ ਅਨੁਭਵ ਕਰਦਾ ਹੈ। ਉਹ ਪ੍ਰਭੂ ਅੱਗੇ ਆਪਣੀ ਹੀ ਅਰਜੋਈ ਦੀਆਂ ਹੂਕਾਂ, ਵਿਲਕਾਂ ਤਰਲੇ ਤਾਂਘਾਂ ਮਹਿਸੂਸਦਾ ਹੈ। ਭਾਵ ਸ਼੍ਰੇਣੀ ਰਹਿਤ ਹਨ, ਸਰਵਜਨਕ ਤੇ ਸਾਧਾਰਣੀਕਰਣ ਕੀਤੇ ਹੋਏ ਹਨ। ਸ਼ਾਂਤ ਰਸ ਇਨ੍ਹਾਂ ਦੀ ਵੱਡੀ ਦੇਣ ਹੈ। ਇਹ ਮਨ ਦੀ ਅਦੁੱਤੀ ਸ਼ਾਂਤੀ ਪ੍ਰਦਾਨ ਕਰਦੇ ਹਨ। ਇਸ ਬਾਣੀ ਵਿਚ ਸੰਬੋਧਨੀ ਅਲੰਕਾਰਾਂ ਦੀ ਵਿਸ਼ੇਸ਼ ਵਰਤੋਂ ਹੈ। ਜਦ ਆਪਣੇ ਆਪ ਨੂੰ ਮੇਰੀ ਜਿੰਦੜੀਏ, ਕਹਿਕੇ ਵਾਰ ਵਾਰ ਦੁਹਰਾਉਂਦੇ ਹਨ ਤਾਂ ਪਾਠਕ ਦੀ ਜਿੰਦੜੀ ਵਿਚ ਵਿਗਾਸ ਆ ਜਾਂਦਾ ਹੈ। ਇਉਂ ਹੀ ਮੇਰੇ ਬਾਵਲਾ, ਮੇਰੇ ਸਤਿਗੁਰਾ, ਮੇਰੇ ਪਿਆਰਿਆ, ਮੇਰੇ ਗੋਵਿੰਦਾ, ਮੇਰੇ ਸਾਜਨ ਸੈਨਾ, ਵਣਜਾਰਿਆ ਮਿਤਰਾ, ਮਨ ਬੈਰਾਗੀਆ, ਆਦਿ ਵਿਚ ਕਿੰਨੀ ਅਦੁਤੀ ਆਕਰਸ਼ਕ ਸੰਬੋਧਨੀ ਹੂਕ ਤੇ ਕੂਕ ਹੈ। ਇਸ ਵਿਚ ਕਿੰਨਾ ਸੋਜ਼, ਦਰਦ, ਬਿਰਹਾ, ਫਰਾਟ ਤੇ ਵਸਲ ਦੀ ਬਿਹਬਲ ਤਾਂਘ ਹੈ। ■

## ਡਿਪਲੋਮਾ ਇਨ ਗੁਰਮਤਿ ਸੰਗੀਤ

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਾਲ 1997-98 ਵਿੱਚ ਡਿਪਲੋਮਾ ਇਨ ਗੁਰਮਤਿ ਸੰਗੀਤ (ਪਹਿਲਾ ਬੈਚ) ਦੀ ਪ੍ਰੀਖਿਆ ਵਿੱਚੋਂ ਭਾਈ ਸੁਖਵੰਤ ਸਿੰਘ ਜੀ ਰੋਲ ਨੰ: 11234, ਸ੍ਰ. ਜਬਰਜੰਗ ਸਿੰਘ ਜੀ ਰੋਲ ਨੰ: 11220, ਬੀਬੀ ਵਰਿੰਦਰ ਕੌਰ ਜੀ ਰੋਲ ਨੰ: 11230, ਬੀਬੀ ਇੰਦਰਜੀਤ ਕੌਰ ਜੀ ਰੋਲ ਨੰ: 11229 ਅਤੇ ਡਾ. ਦਰਸ਼ਨ ਸਿੰਘ ਜੀ ਰੋਲ ਨੰ: 11211 ਨੇ ਕ੍ਰਮਵਾਰ 400 ਵਿੱਚੋਂ 283, 274, 260, 256 ਅਤੇ 251 ਨੰਬਰ ਲੈ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚੋਂ ਪਹਿਲਾ, ਦੂਜਾ, ਤੀਜਾ, ਚੌਥਾ ਅਤੇ ਪੰਜਵਾਂ ਸਥਾਨ ਪ੍ਰਾਪਤ ਕੀਤਾ।

# ਆਮ ਵਿਅਕਤੀਆਂ ਦੀ ਤੁਲਨਾ ਵਿਚ ਸੰਗੀਤਕਾਰ ਦਾ ਦਿਮਾਗ

ਡਾ. ਮਨਵਿੰਦਰ ਕੌਰ *

ਜਦ ਮੈਂ ਸੰਗੀਤ ਖੇਤਰ ਵਿੱਚ ਆਪਣਾ ਖੋਜ ਨਿਬੰਧ ਲਿਖ ਰਹੀ ਸੀ ਉਸ ਸਮੇਂ ਜਰਮਨ ਦੇ ਇਕ ਖੋਜੀ ਪਾਂਟਵ ਵਲੋਂ ਲਿਖੇ ਹੋਏ ਬੜੇ ਹੀ ਦਿਲਕਸ਼ ਵਿਚਾਰ ਮੈਂ ਇਕ ਜਰਮਨੀ ਪੁਸਤਕ ਵਿੱਚ ਪੜੇ। ਜਿਨ੍ਹਾਂ ਨੂੰ ਪੜ੍ਹ ਕੇ ਬੜੀ ਖੁਸ਼ੀ ਹੋਈ ਅਤੇ ਆਨੰਦ ਮਿਲਿਆ। ਉਹ ਵਿਚਾਰ ਮੈਂ ਆਪਣੇ ਪਾਠਕਾਂ ਨੂੰ ਵੀ ਦੱਸਣਾ ਚਾਹੁੰਦੀ ਹਾਂ- 'ਮਿਊਜ਼ਿਕ ਐਂਡ ਬਰੇਨ ਸਾਈਜ਼' ਇਸ ਸਿਰਲੇਖ ਅਧੀਨ ਇਹ ਵਿਚਾਰ ਲਿਖੇ ਹੋਏ ਸਨ, "ਇਕ ਕਲਾਕਾਰ ਸੰਗੀਤਕਾਰ ਭਾਵੇਂ ਉਹ ਗਾਇਕ ਹੋਵੇ ਜਾਂ ਕੋਈ ਵਾਦਕ, ਉਸ ਦੀ ਵੱਧ ਤੋਂ ਵੱਧ ਕੀਤੀ ਗਈ ਪ੍ਰੈਕਟਿਸ (ਰਿਆਜ਼) ਜੋ ਉਹ ਸੰਗੀਤ ਦੀਆਂ ਸੁਰਾਂ ਦੇ ਮਾਧਿਅਮ ਨਾਲ ਕਰਦਾ ਹੈ। ਭਾਵੇਂ ਉਹ ਸਿਤਾਰ, ਪਿਆਨੋ, ਗਿਟਾਰ ਜਾਂ ਹਰਮੋਨੀਅਮ ਵਜਾਉਂਦਾ ਹੈ ਜਾਂ ਤਾਨਪੁਰੇ ਨਾਲ ਸੱਚੇ ਸੁਰਾਂ ਨੂੰ ਹਿਰਦੇ ਵਿੱਚ ਵਸਾਉਂਦਾ ਹੈ। ਇਸ ਨਾਲ ਨਾ ਕੇਵਲ ਉਸ ਦੀ ਪਰਫਾਰਮੈਂਸ ਹੀ ਵਧੀਆ ਹੁੰਦੀ ਹੈ, ਬਲਕਿ ਉਸ ਦੇ ਦਿਮਾਗ ਦਾ ਸਾਈਜ਼ ਵੀ ਵੱਧ ਜਾਂਦਾ ਹੈ। 'ਮਨਸਟਰ ਯੂਨੀਵਰਸਿਟੀ ਜਰਮਨ' ਵਲੋਂ ਇਹ ਸਿੱਧ ਕੀਤਾ ਗਿਆ। ਉਨ੍ਹਾਂ ਇਕ ਚੁੰਬਕੀ ਤਰੀਕੇ ਨਾਲ ਆਮ ਵਿਅਕਤੀ ਜੋ ਸੰਗੀਤ ਵਿਚ ਰੁਚੀ ਨਹੀਂ ਰੱਖਦਾ ਉਸ ਦੇ ਦਿਮਾਗ ਨੂੰ ਵੀ ਅਤੇ ਜੋ ਚੰਗਾ ਸੰਗੀਤ ਕਲਾਕਾਰ ਹੈ ਉਸ ਦੇ ਦਿਮਾਗ ਨੂੰ ਵੀ ਟੈਸਟ ਕਰਨ ਤੇ ਪਤਾ ਲਗਿਆ ਕਿ ਜਦ ਵਿਅਕਤੀ ਸਾਜ਼ਾਂ ਦੁਆਰਾ ਜਾਂ ਗਾਉਣ ਦੇ ਮਾਧਿਅਮ ਨਾਲ ਮੁਸ਼ਕਿਲ ਤੋਂ ਮੁਸ਼ਕਿਲ ਨਾਲ ਉਨ੍ਹਾਂ ਧੁਨੀਆਂ ਨੂੰ ਆਪਣੇ ਦਿਮਾਗ ਵਿਚ ਬਿਠਾਉਂਦਾ ਹੈ ਤਾਂ ਉਹ (ਨੋਟਸ) ਅਤੇ ਆਵਾਜ਼ ਦੇ ਮਾਧਿਅਮ ਨਾਲ ਮਨੁੱਖੀ ਦਿਮਾਗ ਆਮ ਵਿਅਕਤੀ ਨਾਲੋਂ 25% ਵਧ ਜਾਂਦਾ ਹੈ। ਇਸ ਨੋਟਸ ਭਾਵ ਸੁਰਾਂ ਦੇ ਮਾਧਿਅਮ ਨਾਲ Pitch ਦੇ ਦੁਆਰਾ ਅਜਿਹਾ ਹੁੰਦਾ ਹੈ। ਭਿੰਨ ਭਿੰਨ ਸ਼ਕਤੀਆਂ ਲਈ ਕੰਮ ਕਰਨ ਵਾਲੇ ਸੈਲ ਵਧੇਰੇ ਚੁਸਤ ਅਤੇ ਸਾਈਜ਼ ਵਿੱਚ ਵੱਡੇ ਹੋ ਜਾਂਦੇ ਹਨ। ਪਰ ਸੰਗੀਤ ਦੀਆਂ ਉਹ ਮਧੁਰ ਧੁੰਨੀਆਂ ਜੋ ਅਸੀਂ (ਨੋਟਸ) ਭਾਵ ਸੁਰਾਂ ਦੇ ਮਾਧਿਅਮ ਨਾਲ ਪੈਦਾ ਕਰਦੇ ਹਾਂ ਇਨ੍ਹਾਂ ਦਾ ਵਧ ਤੋਂ ਵਧ ਰਿਆਜ਼ (ਪ੍ਰੈਕਟਸ) ਕੀਤੀ ਜਾਵੇ ਤਾਂ ਅਜਿਹਾ ਕ੍ਰਿਸ਼ਮਾਂ ਹੋ ਸਕਦਾ ਹੈ ਵਰਨਾ ਨਹੀਂ ਹੋ ਸਕਦਾ।"

ਪਰ ਅਜ ਕੱਲ ਅਸੀਂ ਵੇਖਦੇ ਹਾਂ ਕਿ ਲੋਕ ਆਪਣੇ ਆਪ ਨੂੰ ਚੰਗੇ ਸੰਗੀਤਕਾਰ ਅਖਵਾਉਂਦੇ ਹਨ ਉਹ ਵੀ ਸ਼ਾਇਦ ਹੀ ਕਦੇ ਹਫਤੇ ਵਿਚ ਇਕ ਵਾਰ ਰਿਆਜ਼ ਕਰਦੇ ਹੋਣ, ਹਰ ਰੋਜ਼ ਦੀ ਤਾਂ ਗਲ ਦੂਰ ਦੀ ਹੈ। ਵਿਸ਼ਣੂ ਦਿਗੰਬਰ ਪਲੂਸਕਰ ਜੀ ਨੇ ਆਪਣੀ ਪੁਸਤਕ 'ਵਿਯਾਯਾਮ ਸੰਗੀਤ' ਵਿਚ ਲਿਖਿਆ ਹੈ ਕਿ "ਜੋ ਵਿਅਕਤੀ ਇਕ ਦਿਨ ਰਿਆਜ਼ ਛੱਡਦਾ ਹੈ, ਉਹ ਇਕ ਮਹੀਨਾ ਪਿੱਛੇ ਚਲਾ ਜਾਂਦਾ ਹੈ। ਪਰ ਜੋ ਮਹੀਨਾ ਭਰ ਰਿਆਜ਼ ਨਹੀਂ ਕਰਦਾ ਉਹ ਸਾਲਾਂ ਬਧੀ ਪਿੱਛੇ ਜਾ ਪਹੁੰਚਦਾ ਹੈ।" ਜੋ ਲੋਕ ਬਿਨਾਂ ਰਿਆਜ਼ ਦੇ ਸੰਗੀਤ ਖੇਤਰ ਵਿਚ ਸੰਗੀਤਕ ਕਾਰਜ ਕਰ ਰਹੇ ਹਨ। ਉਹ ਆਪਣਾ ਨੁਕਸਾਨ ਤੇ ਕਰ ਹੀ ਰਹੇ ਹਨ ਪਰ ਭਾਰਤ ਦੀ ਆਉਣ ਵਾਲੀ ਨਸਲ ਦਾ ਜੀਵਨ ਵੀ ਪੂਰੀ ਤਰ੍ਹਾਂ ਤਬਾਹ ਕਰ ਰਹੇ ਹਨ। ਹਰ ਸ਼ਹਿਰ ਵਿੱਚ ਅਜਿਹੇ ਕਈ ਵਿਅਕਤੀਆਂ ਦੇ ਨਾਮ ਉਭਰ ਕੇ ਸਾਹਮਣੇ ਆਉਂਦੇ ਹਨ ਜੋ ਆਪਣੇ ਆਪ ਨੂੰ ਸੰਗੀਤਕਾਰਾਂ ਦੀ ਸ਼੍ਰੇਣੀ ਵਿੱਚ ਦਸਦੇ ਹਨ ਪਰ ਅਜਿਹਾ ਕੋਈ ਵੀ ਨਹੀਂ ਜਿਸ ਕੋਲ ਜਾ ਕੇ ਅਸੀਂ ਸ਼ਾਸਤ੍ਰੀ ਸੰਗੀਤ ਦੀ ਉਸ ਸਚੀ ਗਾਇਕੀ ਦਾ ਅਦਾਨ ਪ੍ਰਦਾਨ ਕਰ ਸਕੀਏ। ਕਿਸੇ ਕੋਲ ਜਾ ਕੇ ਦੋ ਸ਼ਬਦਾਂ ਦੀਆਂ ਧੁੰਨਾਂ ਜਾਂ ਕਿਸੇ ਗੀਤ ਗਾਣੇ ਦੀ ਧੁਨ ਸਿਖ ਲੈਣੀ ਇਹ ਗਾਇਕੀ ਨਹੀਂ। ਕਲਾ ਦਾ ਜੋ ਖਜਾਨਾ ਦੱਖਣ ਦੇ ਲੋਕਾਂ ਨੇ ਸੰਭਾਲ ਕੇ ਰਖਿਆ ਹੈ ਉਹ ਪੰਜਾਬ ਵਿਚ ਨਹੀਂ ਉਹ ਲੋਕ ਆਪਣੀ ਗਾਇਕੀ ਅਨੁਸਾਰ ਹਰ ਰੋਜ਼ ਰਿਆਜ਼ ਕਰਦੇ ਹਨ ਅਭਿਆਸ ਨੂੰ ਆਪਣੀ ਨਿਤ ਦੀ ਖੁਰਾਕ ਸਮਝਦੇ ਹਨ ਜੇ ਸੰਗੀਤ ਕਲਾਕਾਰਾਂ ਦੀ ਸ਼੍ਰੇਣੀ ਵਿਚ ਆਉਣ ਵਾਲੇ ਅਸੀਂ ਲੋਕ ਵੀ ਅਜਿਹਾ ਕਰੀਏ ਤਾਂ ਅਸੀਂ ਕੇਵਲ ਆਤਮਕ ਸ਼ਾਂਤੀ ਹੀ ਨਹੀਂ ਪ੍ਰਾਪਤ ਕਰ ਲਵਾਂਗੇ ਬਲਕੇ ਆਪਣੀ ਦਿਮਾਗੀ ਸ਼ਕਤੀ ਨੂੰ ਆਮ ਵਿਅਕਤੀਆਂ ਤੋਂ ਵਧੇਰੇ, ਚੰਗਾ ਕਰ ਲਵਾਂਗੇ । ਇਸ ਲਈ ਹਰ ਰੋਜ਼ ਘੱਟੋ ਘੱਟ ਅੱਧਾ ਘੰਟਾ ਤਾਨਪੂਰੇ ਨਾਲ ਸੱਚੇ ਸੁਰਾਂ ਨੂੰ ਗਾਉਣ ਦੀ ਆਦਤ ਅਤੇ ਨਿਤ ਦਾ ਕਾਰਜ ਬਣਾ ਲੈਣਾ ਚਾਹੀਦਾ ਹੈ। ■

* ਮੇਨ ਰੋਡ ਗੁਰੂ ਅਰਜੁਨ ਦੇਵ ਨਗਰ, ਸਮਰਾਲਾ, ਬਾਈਪਾਸ ਚੌਕ, ਲੁਧਿਆਣਾ - 140 008

# ਅੰਮ੍ਰਿਤ ਕੀ ਹੈ ?

ਸੰਤੋਖ ਸਿੰਘ ਚਾਵਲਾ*

ਪਿਛੋਕੜ :

ਦੇਸ਼ ਵਿਚ ਦੋ ਕੌਮਾਂ ਵਸਦੀਆਂ ਸਨ। ਹਿੰਦੂ ਅਤੇ ਮੁਸਲਮਾਨ। ਭਾਂਵੇਂ ਹਿੰਦੂ ਸੀ ਜਾਂ ਮੁਸਲਮਾਨ, ਜੋ ਗੁਰੂ ਸਾਹਿਬਾਨ ਦੇ ਦੱਸੇ ਅਸੂਲਾਂ ਤੇ ਚਲਦਾ ਸੀ, ਉਸ ਨੂੰ ਸ਼ਰਧਾਲੂ ਜਾਂ ਸਿੱਖ ਕਿਹਾ ਜਾਂਦਾ ਸੀ। ਵਕਤ ਦੇ ਹਾਕਮ ਔਰੰਗਜ਼ੇਬ ਦੇ ਜਬਰ ਤੇ ਜ਼ੁਲਮ ਤੋਂ ਸਮੁੱਚਾ ਹਿੰਦੂ ਵਰਗ ਭੈਭਤ ਸੀ ਕਿਉਂ ਜੋ ਤਲਵਾਰ ਦੇ ਜ਼ੋਰ ਨਾਲ ਉਨ੍ਹਾਂ ਨੂੰ ਮੁਸਮਾਨ ਬਣਾਇਆ ਜਾਂਦਾ ਸੀ। ਦੁਖੀ ਹੋ ਕੇ ਕਸ਼ਮੀਰੀ ਪੰਡਿਤ ਫਰਯਾਦ ਲੈ ਕੇ ਆਨੰਦਪੁਰ ਸਾਹਿਬ ਆਏ। ਗੁਰੂ ਤੇਗ ਬਹਾਦਰ ਸਾਹਿਬ ਨੇ ਉਨ੍ਹਾਂ ਦੀ ਬਾਂਹ ਪਕੜੀ ਅਤੇ ਉਨ੍ਹਾਂ ਦੀ ਰਖਿਆ ਲਈ ਦਿੱਲੀ ਜਾ ਕੇ ਸ਼ਹੀਦ ਹੋ ਗਏ।

ਨੌਵੇਂ ਪਾਤਸ਼ਾਹ ਦੀ ਸ਼ਹੀਦੀ ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭੈਭੀਤ ਅਤੇ ਮੁਰਦਾ ਹੋਏ ਲੋਕਾਂ ਵਿਚ ਨਵੀਂ ਰੂਹ ਫੂਕਣਾ ਚਾਹੁੰਦੇ ਸਨ ਤਾਂ ਜੋ ਉਹ ਅਣਖ ਅਤੇ ਗੈਰਤ ਭਰੀ ਜ਼ਿੰਦਗੀ ਜੀ ਸਕਣ। ਮੁਗਲ ਬਾਦਸ਼ਾਹ ਜੋ ਹਿੰਦੂਆਂ ਉਤੇ ਅਤਿਆਚਾਰ ਕਰ ਰਿਹਾ ਸੀ, ਦਾ ਟਾਕਰਾ ਕਰਨ ਦੇ ਮੰਤਵ ਦੀ ਪੂਰਤੀ ਲਈ ਵਿਸਾਖੀ ਵਾਲੇ ਦਿਨ ਸੰਨ 1699 ਨੂੰ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਆਨੰਦਪੁਰ ਸਾਹਿਬ) ਵਿਖੇ ਗੁਰੂ ਸਾਹਿਬ ਨੇ ਇਕ ਭਾਰੀ ਇਕੱਠ ਕੀਤਾ। ਨੰਗੀ ਕਿਰਪਾਨ ਦੀ ਲਲਕਾਰ ਨਾਲ ਗੁਰੂ ਸਾਹਿਬ ਨੇ ਸਿਰਾਂ ਦੀ ਮੰਗ ਕੀਤੀ। ਲੱਖਾਂ ਦੀ ਗਿਣਤੀ ਵਿਚੋਂ ਕੇਵਲ 5 ਹੀ ਨਿਤਰੇ, ਜਿਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਪੰਜ ਪਿਆਰਿਆਂ ਦਾ ਖਿਤਾਬ ਦਿੱਤਾ।ਇਸ ਤਰ੍ਹਾਂ ਖਾਲਸਾ ਫੌਜ ਦੇ ਨਿਰਮਾਣ ਦਾ ਸ਼ੁਭ ਆਰੰਭ ਹੋਇਆ।

ਅੰਮ੍ਰਿਤ ਤਿਆਰ ਕਰਨਾ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਤਿਆਰ ਕਰਨ ਲਈ ਪੰਜ ਗੱਲਾਂ ਧਿਆਨ ਵਿੱਚ ਰੱਖੀਆਂ, ਜਿਨ੍ਹਾਂ ਵਿਚ ਡੂੰਘੀ ਫਿਲਾਸਫੀ ਭਰੀ ਹੋਈ ਹੈ ਕਿ ਉਹ ਕਿਸ ਤਰ੍ਹਾਂ ਦਾ ਇਨਸਾਨ ਸਿਰਜਣਾ ਚਾਹੁੰਦੇ ਸਨ। ਇਹ ਹਨ।

1. **ਲੋਹੇ ਦਾ ਬਾਟਾ** :- ਲੋਹੇ ਦੇ ਬਾਟੇ ਦੀ ਥਾਂ ਪਿੱਤਲ, ਕਾਂਸੀ, ਤਾਂਬੇ ਦੀ ਕਿਸੇ ਹੋਰ ਧਾਤੂ ਜਾਂ ਮਿੱਟੀ ਦੇ ਭਾਂਡੇ ਦੀ ਵਰਤੋਂ ਵੀ ਕੀਤੀ ਜਾ ਸਕਦੀ ਸੀ, ਪਰੰਤੂ ਗੁਰੂ ਸਾਹਿਬ ਨੇ ਲੋਹ-ਬਾਟਾ ਕਿਉਂ ਚੁਣਿਆ? ਲੋਹਾ ਸ਼ਕਤੀ ਅਤੇ ਮਜਬੂਤੀ ਦਾ ਚਿੰਨ੍ਹ ਹੈ। ਬਾਟਾ ਜਿਸ ਵਿਚ ਕੋਈ ਚੀਜ਼ ਪਾਈ ਜਾ ਸਕੇ। ਸੋ ਬਾਟੇ ਦਾ ਮੂੰਹ ਜਾਂ ਮਨੁੱਖ ਦਾ ਮੂੰਹ ਇੱਕੋ ਹੀ ਗੱਲ ਹੈ। ਤੁਲਨਾ ਕੀਤੀ ਜਾ ਸਕਦੀ ਹੈ। ਇਸ ਲਈ ਲੋਹ-ਬਾਟੇ ਵਿਚ ਤਿਆਰ ਕੀਤਾ ਅੰਮ੍ਰਿਤ, ਕਮਾਏ ਜੁੱਸੇ ਵਾਲੇ ਨਰੋਏ, ਸੁਡੋਲ ਅਤੇ ਲੋਹ-ਜਨ ਅਭਿਲਾਸ਼ੀਆਂ ਨੂੰ ਛਕਾਇਆ ਗਿਆ।

2. **ਪਾਣੀ** :- ਪਾਣੀ ਦੀ ਥਾਂ ਤੇ ਦੁੱਧ, ਸ਼ਰਬਤ, ਸ਼ਹਿਦ, ਲੱਸੀ ਜਾਂ ਕੱਚੀ ਲੱਸੀ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਸੀ। ਪਰੰਤੂ ਪਾਣੀ ਦੀ ਵਰਤੋਂ ਹੀ ਕੀਤੀ ਗਈ। ਪਾਣੀ ਦਾ ਸੁਭਾ ਸ਼ੁੱਧ, ਨਿਰਮਲ, ਸਵੱਛ ਅਤੇ ਸ਼ੀਤਲ ਹੁੰਦਾ ਹੈ। ਗੁਰੂ ਸਾਹਿਬ ਅਭਿਲਾਸ਼ੀ ਸੱਜਣਾਂ ਵਿਚ ਇਹ ਚਾਰੇ ਗੁਣ ਜੋ ਪਾਣੀ ਵਿਚ ਹੁੰਦੇ ਹਨ, ਸਿੰਜਣਾ ਚਾਹੁੰਦੇ ਸਨ। ਇਸ ਤੋਂ ਇਲਾਵਾ ਪਾਣੀ ਦਾ ਪੰਜਵਾਂ ਗੁਣ ਹੈ ਕੁਰਬਾਨੀ। ਇਹ ਵੀ ਪਾਉਣਾ ਚਾਹੁੰਦੇ ਸਨ। ਪਾਣੀ ਅਤੇ ਦੁੱਧ ਦੀ ਦੋਸਤੀ ਤੋਂ ਵੱਧ ਕੁਰਬਾਨੀ ਦੀ ਮਿਸਾਲ ਦੇਣੀ ਕਠਿਨ ਹੈ। ਜਦ ਤਕ ਦੁੱਧ ਵਿਚ ਪਣੀ ਹੈ, ਦੁੱਧ ਨੂੰ ਕੋਈ ਖਤਰਾ ਨਹੀਂ। ਪਹਿਲਾਂ ਪਾਣੀ ਆਪਣੀ ਕੁਰਬਾਨੀ ਦਿੰਦਾ ਹੈ, ਬਾਦ ਵਿਚ ਦੁੱਧ ਨੂੰ ਆਂਚ ਆਉਂਦੀ ਹੈ। ਜਿਸ ਤਰ੍ਹਾਂ ਹੱਥ ਪੈਰ ਜਾਂ ਸਰੀਰ ਨੂੰ ਮਿੱਟੀ ਲਗ ਜਾਏ ਤਾਂ ਪਾਣੀ ਨਾਲ ਸਾਫ ਕਰ ਲਈਦਾ ਹੈ। ਉਸੇ ਤਰ੍ਹਾਂ ਅਭਿਲਾਸ਼ੀ ਵਿਚ ਗੁਣ ਹੋਵੇ ਕਿ ਉਸਦੀ ਸੰਗਤ ਕਰਨ ਵਾਲੇ ਵਿਚ ਸ਼ੁਧਤਾ ਆ ਜਾਵੇ।

3. **ਪਤਾਸੇ** : ਲੋਹ-ਬਾਟੇ ਵਿਚ ਪਾਣੀ ਤੋਂ ਬਾਦ ਪਤਾਸੇ ਪਾਏ ਗਏ। ਪਤਾਸਿਆਂ ਦੀ ਥਾਂ, ਗੁੜ, ਸ਼ੱਕਰ ਜਾਂ ਮਾਖਿਉਂ ਵਰਤਣ ਦੀ ਬਜਾਏ ਗੁਰੂ ਸਾਹਿਬ ਨੇ ਪਤਾਸੇ ਦੀ ਵਰਤੋਂ ਕੀਤੀ। ਇਸ ਦਾ ਕਾਰਣ ਇਉਂ ਜਾਪਦਾ ਹੈ ਕਿ ਪਤਾਸਾ ਵਿਚੋਂ ਖੋਖਲਾ ਹੁੰਦਾ ਹੈ ਅਤੇ ਉਸ ਵਿਚ ਹਉਮੈ ਕੁੱਟ ਕੁੱਟ ਕੇ ਭਰੀ ਹੁੰਦੀ ਹੈ। ਜੇਕਰ ਗੁੜ ਦੀ ਢੇਰੀ ਕਰੀਏ ਤਾਂ ਕੋਈ ਖਾਸ ਅਵਾਜ਼ ਨਹੀਂ ਆਉਂਦੀ। ਇਸ ਤਰ੍ਹਾਂ ਸ਼ੱਕਰ ਦੀ ਢੇਰੀ ਕਰੀਏ ਤਾਂ ਵੀ ਅਵਾਜ਼ ਨਹੀਂ ਆਉਂਦੀ। ਪਰੰਤੂ ਪਤਾਸਿਆਂ ਦੀ ਢੇਰੀ ਕਰੀਏ ਤਾਂ ਖੜ ਖੜ ਦੀ ਆਵਾਜ਼ ਆਉਂਦੀ ਹੈ। ਇਸੇ ਲਈ ਗੁਰੂ ਜੀ ਨੇ ਪਾਣੀ ਵਿਚ ਪਤਾਸੇ ਪਾਏ ਕਿ ਅਭਿਲਾਸ਼ੀਆਂ ਵਿਚੋਂ ਫੋਕਲਾਪਨ ਜਾਂ ਹਉਮੈ ਖਤਮ ਕੀਤੀ ਜਾ ਸਕੇ। ਜਿਵੇਂ ਪਾਣੀ ਵਿਚ ਭਿਜੇ ਪਤਾਸੇ ਪਾਣੀ ਵਿੱਚ ਘੁੱਲ ਕੇ ਪਾਣੀ ਹੀ ਬਣ ਜਾਂਦੇ ਹਨ ਉਸੇ ਤਰ੍ਹਾਂ ਅਭਿਲਾਸ਼ੀ

* ਮਕਾਨ ਨੰ: 469, ਸੈਕਟਰ 20-ਏ, ਚੰਡੀਗੜ੍ਹ

ਵਿਚ ਇਹ ਗੁਣ ਪਾਉਣਾ ਚਾਹੁੰਦੇ ਸਨ।

4. **ਖੰਡਾ** :- ਲੋਹ-ਬਾਟੇ ਵਿਚ ਪਾਣੀ ਅਤੇ ਪਾਣੀ ਵਿਚ ਪਤਾਸੇ ਪਾ ਕੇ ਖੰਡੇ ਨਾਲ ਹਿਲਾਇਆ ਗਿਆ ਤਾਂ ਜੋ ਖੜ ਖੜ ਕਰਦੇ ਹੰਕਾਰੀ ਪਤਾਸਿਆਂ ਦਾ ਖੰਡੇ ਨਾਲ ਸਿਰ ਫਿਸ ਜਾਵੇ ਤੇ ਸ਼ਾਂਤ ਹੋ ਜਾਣ। ਫਿਰ ਉਨ੍ਹਾਂ ਪਤਾਸਿਆਂ ਦੀ ਮਿਠਾਸ ਨਾਲ ਪਾਣੀ ਵੀ ਮਿੱਠਾ ਬਣ ਜਾਵੇ ਤੇ ਪਤਾਸੇ ਇਕ ਮਿਕ ਹੋ ਜਾਣ। ਖੰਡਾ ਵੀ ਲੋਹੇ ਦਾ ਹੈ ਤੇ ਬਾਟਾ ਵੀ ਲੋਹੇ ਦਾ। ਇਹ ਚਿੰਨ੍ਹ ਅੰਦਰੋਂ-ਬਾਹਰੋਂ ਸ਼ਕਤੀ ਦਾ ਪ੍ਰਤੀਕ ਹਨ। ਇਹੀ ਗੁਣ ਉਹ ਅਭਿਲਾਸ਼ੀ ਵਿਚ ਚਾਹੁੰਦੇ ਸਨ।

5. **ਪੰਜ ਬਾਣੀਆਂ** :- ਜਿਸ ਵਕਤ ਲੋਹ-ਬਾਟੇ ਵਿਚ ਪਾਣੀ ਅਤੇ ਪਤਾਸੇ ਪੈ ਜਾਂਦੇ ਹਨ ਤਾਂ ਪੰਜ ਬਾਣੀਆਂ ਦਾ ਪਾਠ ਕਰਦੇ ਹੋਏ ਖੰਡੇ ਨਾਲ ਪਤਾਸਿਆਂ ਨੂੰ ਪਾਣੀ ਵਿਚ ਘੋਲਿਆ ਜਾਂਦਾ ਹੈ। ਪੰਜ ਬਾਣੀਆਂ ਦਾ ਉਚਾਰਨ ਕਰਨ ਨਾਲ ਹਵਾ ਤਰੰਗਾਂ ਜਦੋਂ ਖੰਡੇ ਅਤੇ ਬਾਟੇ ਨਾਲ ਟਕਰਾਉਂਦੀਆਂ ਹਨ ਤੇ ਖੰਡਾ ਬਾਟਾ ਲੋਹੇ ਦਾ ਹੋਣ ਕਾਰਣ ਇਨ੍ਹਾਂ ਰਾਹੀਂ ਜਲ-ਤਰੰਗਾਂ ਵਿਚ ਪ੍ਰਵੇਸ਼ ਕਰ ਜਾਂਦੀਆਂ ਹਨ ਅਤੇ ਪਾਣੀ ਉਨ੍ਹਾਂ ਨੂੰ ਆਪਣੇ ਵਿਚ ਸਮੋ ਲੈਂਦਾ ਹੈ।

ਇਸ ਤਰ੍ਹਾਂ ਤਿਆਰ ਕੀਤਾ ਅੰਮ੍ਰਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਛਕਾਇਆ। ਅੰਮ੍ਰਿਤ ਛੱਕ ਕੇ ਉਨ੍ਹਾਂ ਨੇ ਇਹ ਪ੍ਰਣ ਕੀਤਾ ਕਿ ਹੇ ਸੱਚੇ ਪਾਤਸ਼ਾਹ ਤੁਸੀਂ ਸਾਨੂੰ ਜੋ ਵੀ ਹੁਕਮ ਕਰੋਗੇ ਤੇ ਜਿਸ ਕੰਮ ਲਈ ਜਿੱਥੇ ਵੀ ਭੇਜੋਗੇ, ਅਸੀਂ ਖ਼ੁਸ਼ੀ ਖ਼ੁਸ਼ੀ ਜਾਂਵਾਂਗੇ ਤੇ ਪੂਰਾ ਕੰਮ ਕਰਨ ਉਪਰੰਤ ਵਾਪਿਸ ਮੁੜਾਂਗੇ ਕਰਤਵ ਪਾਲਦਿਆਂ ਜੇ ਜ਼ਰੂਰਤ ਪਈ ਤਾਂ ਆਪਣੀ ਜਾਨ ਦੀ ਅਹੂਤੀ ਵੀ ਦੇ ਦਿਆਂਗੇ। ਮੋਰਚਾ ਫਤਹਿ ਕਰਕੇ ਹੀ ਵਾਪਸ ਪਰਤਾਂਗੇ। ਜਦੋਂ ਪੰਜਾਂ ਪਿਆਰਿਆਂ ਨੇ ਇਹ ਪ੍ਰਣ ਲਿਆ ਤਾਂ ਗੁਰੂ ਗੋਬਿੰਦ ਰਾਏ ਨੇ ਵੀ ਪੰਜਾਂ ਪਿਆਰਿਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਤੁਸੀਂ ਹੁਣ ਮੇਰੇ ਤੇ ਵੀ ਕ੍ਰਿਪਾ ਕਰੋ ਤੇ ਮੈਨੂੰ ਅੰਮ੍ਰਿਤ ਛਕਾ ਦਿਓ ਤੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣਾ ਲਵੋ। ਜਿਸ ਤਰ੍ਹਾਂ ਤੁਸੀਂ ਮੈਨੂੰ ਵਿਸ਼ਵਾਸ ਦਿੱਤਾ ਹੈ ਮੈਂ ਵੀ ਪ੍ਰਣ ਕਰਦਾ ਹਾਂ ਕਿ ਜਿਵੇਂ ਤਿਲਕ ਜੰਞੂ ਦੀ ਰੱਖਿਆ ਲਈ ਪਿਤਾ ਜੀ ਨੇ ਸ਼ਹਾਦਤ ਦੇ ਦਿੱਤੀ ਹੈ, ਉਸੇ ਤਰ੍ਹਾਂ ਜੇ ਲੋੜ ਪਈ ਤਾਂ ਮੈਂ ਆਪਣਾ ਸਰਬੰਸ ਨਿਛਾਵਰ ਕਰ ਦਿਆਂਗਾ ਪਰ ਜਬਰ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਾਂਗਾ। ਭਾਂਵੇਂ ਹਿੰਦੂ ਨਾਲ ਹੋਏ ਜਾਂ ਮੁਸਲਮਾਨ ਨਾਲ ਹੋਵੇ।

ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਜੇਕਰ ਅਸੀਂ ਆਪਣੀ ਜੀਵਨ ਅੰਮ੍ਰਿਤ ਦੀ ਤਿਆਰ ਵਿਧੀ ਤੇ ਇਸ ਵਿੱਚ ਪਾਏ ਗੁਣਾਂ ਨੂੰ ਆਪਣੇ ਜੀਵਨ ਵਿਚ ਅਪਣਾ ਲਿਆ ਹੈ ਤਾਂ ਖਾਲਸਾ ਸਾਜਨਾ ਤਿੰਨ ਸੌ ਸਾਲਾ ਸ਼ਤਾਬਦੀ ਮਨਾਉਣਾ ਮੁਬਾਰਕ ਹੈ ਤੇ ਜੇਕਰ ਅੰਮ੍ਰਿਤ ਦੇ ਗੁਣਾਂ ਤੋਂ ਸੱਖਣੇ ਹੀ ਤੁਰੇ ਰਹਿਣਾ ਹੈ ਤੇ ਆਪੋ ਵਿਚ ਲੜਨਾ ਹੈ ਤਾਂ ਸਾਡੇ ਭਾਗ ਵਿਚ ਜੰਞੂ ਰਸਮ ਤੇ ਗਾਤਰਾ ਰਸਮ ਵਿਚ ਕੀ ਅੰਤਰ ਰਹਿ ਜਾਵੇਗਾ। ■


ਰਾਗੀ ਜੱਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ**
422, ਸੈਕਟਰ 15-A, ਚੰਡੀਗੜ੍ਹ
ਫੋਨ-772660

**ਅੰਮ੍ਰਿਤ ਵਰਖਾ**
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058

*With compliments from*

Adhunik®

**S. Harnam Singh Inderjit Singh**
WHOLESALE CLOTH MARCHENTS
SCO 1024, Sector 22-B, Chandigarh - 160 022
Ph : (S) 701006, 710842, (R) 607106, 606066

WHOLESALE DEALERS : Adhunik Synthetic Ltd. Bombay

# ਪ੍ਰੋ. ਚੰਨਣ ਸਿੰਘ 'ਸੇਵਕ'


## ਰਵਿੰਦਰ ਕੌਰ


ਪ੍ਰੋ. ਚੰਨਣ ਸਿੰਘ ਸੇਵਕ ਦਾ ਜਨਮ ਸ. ਸੀਤਲ ਸਿੰਘ ਦੇ ਘਰ 1 ਜਨਵਰੀ 1947 ਨੂੰ ਉਹਨਾਂ ਦੇ ਨਾਨਕਾ ਘਰ, ਪਿੰਡ ਜੈਤਪੁਰ ਵਿਖੇ ਹੋਇਆ। ਆਪ ਦੇ ਘਰ ਦੇ ਕੱਪੜਾ ਬੁਣਨ ਦਾ ਕੰਮ ਕਰਿਆ ਕਰਦੇ ਸਨ ਪਰ ਆਪ ਨੂੰ ਬਚਪਨ ਤੋਂ ਹੀ ਗਾਉਣ ਦਾ ਡਾਢਾ ਸ਼ੌਕ ਸੀ। ਰੱਬ ਦੀ ਕਰਨੀ ਐਸੀ ਹੋਈ ਕਿ ਚੇਚਕ ਨਿਕਲਣ ਕਾਰਨ ਅੱਠ ਸਾਲ ਦੀ ਉਮਰ ਵਿੱਚ ਹੀ ਆਪ ਦੀਆਂ ਅੱਖਾਂ ਖਰਾਬ ਹੋ ਗਈਆਂ। ਆਪ ਦੇ ਤਾਇਆ ਜੀ ਦਾ ਲੜਕਾ ਸ. ਸੁਰਜਣ ਸਿੰਘ ਵੀ ਕੀਰਤਨ ਕਰਨ ਦਾ ਸ਼ੌਕ ਰਖਦੇ ਸੀ। ਉਨ੍ਹਾਂ ਦੀ ਪ੍ਰੇਰਨਾ ਨਾਲ ਆਪ ਕੀਰਤਨ ਕਰਨ ਵਿਚ ਉਤਸ਼ਾਹਤ ਹੋਏ। ਸੰਗੀਤ ਦੀ ਸਿੱਖਿਆ ਅਮਰ ਸੰਗੀਤ ਵਿਦਿਆਲਾ ਹੁਸ਼ਿਆਰਪੁਰ ਤੋਂ ਪ੍ਰਾਪਤ ਕੀਤੀ। ਆਪ ਲਗਪਗ ਦਸ ਸਾਲ ਇਥੋਂ ਸੰਗੀਤ ਸੰਬੰਧੀ ਸਿੱਖਿਆ ਹਾਸਲ ਕਰਦੇ ਰਹੇ।

ਪ੍ਰੋ ਚੰਨਣ ਸਿੰਘ ਸੇਵਕ ਹੁਰਾਂ ਦੇ ਉਸਤਾਦ ਪ੍ਰਿੰ ਚੰਨਣ ਸਿੰਘ 'ਮਜਬੂਰ' ਹਨ ਜੋ ਇਕ ਕਾਬਿਲ ਅਧਿਆਪਕ, ਮਹਾਨ ਕੀਰਤਨੀਏ, ਤਬਲਚੀ ਸੂਝਵਾਨ ਸਮਾਜ ਸੁਧਾਰਕ ਹਨ। ਜਦੋਂ ਆਪ ਪਾਸੋਂ ਸੰਗੀਤ ਸੰਬੰਧੀ ਉਚੇਰੀ ਵਿੱਦਿਆ ਹਾਸਿਲ ਕਰ ਰਹੇ ਸਨ ਤਾਂ ਨਾਲ ਨਾਲ ਆਪ ਅਮਰ ਸੰਗੀਤ ਵਿਦਿਆਲਾ, ਹੁਸ਼ਿਆਰਪੁਰ ਦੇ ਵਿਦਿਆਰਥੀਆਂ ਨੂੰ ਸੰਗੀਤ ਵਿੱਦਿਆ ਦੇਣ ਦੀ ਸੇਵਾ ਵੀ ਨਿਭਾਉਂਦੇ ਰਹੇ।

ਪ੍ਰੋ. ਚੰਨਣ ਸਿੰਘ ਸੇਵਕ ਹੁਰਾਂ ਨੇ ਤਖਤ ਸ੍ਰੀ ਕੇਸਗੜ੍ਹ ਆਨੰਦਪੁਰ ਸਾਹਿਬ ਵਿਖ਼ੇ ਵੀ ਨੌਕਰੀ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਚੰਨਣ ਸਿੰਘ ਸੇਵਕ ਹੁਰਾਂ ਦੀਆਂ ਯੋਗਤਾਵਾਂ ਨੂੰ ਮੁੱਖ ਰੱਖ ਕੇ ਆਪ ਦੀ ਨਿਯੁਕਤੀ ਕੀਤੀ ਤੇ ਪ੍ਰੋਫੈਸਰ ਦਾ ਖਿਤਾਬ ਦੇ ਕੇ ਆਪ ਨੂੰ ਸਨਮਾਨਿਤ ਕੀਤਾ। ਉਦੋਂ ਤੋਂ ਹੀ ਆਪ ਆਪਣੇ ਨਾਂ ਨਾਲ ਪ੍ਰੋਫੈਸਰ ਲਾ ਰਹੇ ਹਨ। ਆਪ ਜੀ ਨੇ ਕੀਰਤਨ ਕਰਨ ਵਾਲਾ ਆਪਣਾ ਜੱਥਾ ਬਣਾਇਆ ਹੋਇਆ ਹੈ ਜੋ 32 ਸਾਲ ਤੋਂ ਕੀਰਤਨ ਦੀ ਸੇਵਾ ਕਰ ਰਿਹਾ ਹੈ। ਸ. ਬਲਬੀਰ ਸਿੰਘ ਤਬਲਚੀ ਦੇ ਤੌਰ ਤੇ ਅਤੇ ਸ. ਸਤਨਾਮ ਸਿੰਘ ਸਹਾਇਕ ਦੇ ਤੌਰ ਤੇ ਆਪ ਨਾਲ ਕੀਰਤਨ ਕਰਨ ਦੀ ਸੇਵਾ ਨਿਭਾ ਰਹੇ ਹਨ।

ਸਿੱਖ ਧਰਮ ਵਿੱਚ ਜੋ ਮਹੱਤਤਾ ਕੀਰਤਨ ਦੀ ਹੈ ਉਹ ਹੋਰ ਕਿਸੇ ਧਰਮ ਵਿੱਚ ਨਹੀਂ। ਕੀਰਤਨ ਅਜਿਹੀ ਦੌਲਤ ਹੈ ਜਿਸ ਵਿੱਚ ਅਨੰਦ ਹੀ ਅਨੰਦ ਹੈ। ਸਮੇਂ ਅਨੁਸਾਰ ਰਾਗਾਂ ਵਿੱਚ ਗਾਈ ਬਾਣੀ ਦਾ ਆਪਦਾ ਹੀ ਆਨੰਦ ਹੈ। ਪ੍ਰੋ. ਚੰਨਣ ਸਿੰਘ ਸੇਵਕ ਹੁਰਾਂ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਇਹ ਨਿਰਧਾਰਿਤ ਰਾਗਾਂ ਵਿਚ ਕੀਰਤਨ ਕਰਨ ਦੀ ਤੀਖਣ ਸੂਝ ਰਖਦੇ ਹਨ। ਪੰਜਾਬ ਦੇ ਲਗਪਗ ਸਾਰੇ ਸ਼ਹਿਰਾਂ ਵਿਚ ਕੀਰਤਨ ਕਰਨ ਦਾ ਸੁਭਾਗ ਆਪ ਨੂੰ ਪ੍ਰਾਪਤ ਹੋਇਆ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਤੇ ਹੋਣ ਵਾਲੇ ਕੀਰਤਨ ਦਰਬਾਰ ਵਿਚ ਆਪ ਨੇ ਬਹੁਤ ਵਾਰੀ ਭਾਗ ਲਿਆ ਹੈ। ਗੁਰੂ ਨਾਨਕ ਸਾਹਿਬ ਦੇ ਆਗਮਨ ਗੁਰਪੁਰਬ ਤੇ ਨਾਨਕਸਰ ਸਾਹਿਬ ਵਿਖੇ ਜਾਣ ਦਾ ਮੌਕਾ ਮਿਲਿਆ ।

ਗੁਰਦੁਵਾਰਾ ਦੁਖ ਨਿਵਾਰਨ ਸਾਹਿਬ ਪਟਿਆਲੇ ਵਿਖੇ ਵੀ ਆਪ ਨੇ ਬਹੁਤ ਵਾਰੀ ਕੀਰਤਨ ਕੀਤਾ। ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਤੇ ਫਤਹਿਗੜ੍ਹ ਸਾਹਿਬ ਵਿਖੇ ਕੀਰਤਨ ਕਰਨ ਦਾ ਸੁਭਾਗ ਆਪ ਨੂੰ ਪ੍ਰਾਪਤ ਹੈ। ਮਨੀਕਰਨ, ਸਕੇਤ ਮੰਡੀ, ਸੁੰਦਰਗੜ੍ਹ ਤੇ ਵਿਸ਼ਾਖਾਪਟਨਮ ਅਤੇ ਨਾਗਪੁਰ ਵਿਖੇ ਵੀ ਕੀਰਤਨ ਕਰਕੇ ਆਪ ਨੇ ਸੰਗਤਾਂ ਨੂੰ ਨਿਹਾਲ ਕੀਤਾ। ਮਹਾਨ ਕੀਰਤਨੀ ਹੋਣ ਸਦਕਾ ਆਪ ਨੂੰ ਵਿਦੇਸ਼ਾਂ ਵਿੱਚ ਜਾਣ ਦਾ ਵੀ ਕਾਫੀ ਮੌਕਾ ਮਿਲਿਆ। ਸਭ ਤੋਂ ਪਹਿਲਾਂ ਇੰਗਲੈਂਡ ਦੀਆਂ ਸਿੱਖ ਸੰਗਤਾਂ ਤੇ 1978 ਵਿਚ ਪਹਿਲੀ ਵਾਰ ਆਪ ਜੀ ਨੂੰ ਕੀਰਤਨ ਕਰਨ ਲਈ ਬੁਲਾਇਆ ਸੀ। ਆਪ ਕੈਨੇਡਾ, ਮਲੇਸ਼ੀਆ ਤੇ ਕਈ ਵਾਰ ਇੰਗਲੈਂਡ ਦੀ ਫੇਰੀ ਲਾ ਆਏ ਹਨ।

ਕੀਰਤਨ ਦੀ ਸੇਵਾ ਕਰਨ ਕਰਕੇ ਆਪ ਜੀ ਨੂੰ ਬਹੁਤ ਮਾਣ ਸਨਮਾਨ ਵੀ ਪ੍ਰਾਪਤ ਹੋਏ ਹਨ ਤੇ ਵਿਦੇਸ਼ਾਂ ਵਿੱਚ ਵੀ ਆਪ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਹੈ।

ਇਕ ਵਾਰ ਟੈਲੀਵਿਜ਼ਨ ਤੇ ਵੀ ਸ਼ਬਦ ਕੀਰਤਨ ਦਾ ਪ੍ਰੋਗਰਾਮ ਆਇਆ ਹੈ ਤੇ ਰੇਡੀਓ ਤੋਂ ਅਨੇਕਾਂ ਵਾਰ ਆਪ ਦੇ ਸ਼ਬਦ ਗਾਇਨ ਦਾ ਪ੍ਰਸਾਰਨ ਹੋਇਆ ਹੈ। ਪ੍ਰੋ. ਚੰਨਣ ਸਿੰਘ ਹੁਰਾਂ ਦੀ ਇਤਿਹਾਸਕ ਗੀਤਾਂ ਦੀ ਇਕ ਕੈਸਟ 'ਨਿੱਕੇ ਗੁਰੂ ਜੀ ਦੇ ਲਾਲ' ਕੇ. ਸੀ. ਕੰਪਨੀ ਨਵਾਂ ਸ਼ਹਿਰ ਵਾਲਿਆਂ ਨੇ ਰਿਕਾਰਡ ਕੀਤੀ ਅਤੇ ਇੱਕ ਹੋਰ


* 657, ਫੇਜ਼ - 2, ਮੁਹਾਲੀ

ਕੈਸਟ ਭਗਤ ਰਵਿਦਾਸ ਜੀ ਦੇ ਸ਼ਬਦਾਂ ਦੀ ਇੰਗਲੈਂਡ ਵਿਚ ਰਿਕਾਰਡਿੰਗ ਹੋਈ।

ਪ੍ਰੋ. ਚੰਨਣ ਸਿੰਘ ਸੇਵਕ ਖੁਦ ਤਾਂ ਵਧੀਆ ਕੀਰਤਨ ਕਰਦੇ ਹੀ ਹਨ, ਇਹਨਾਂ ਨੇ ਹੋਰ ਵੀ ਬਹੁਤ ਸਾਰੇ ਵਿਦਿਆਰਥੀਆਂ ਨੂੰ ਇਸ ਰਾਹ ਤੇ ਤੋਰ ਕੇ ਉਹਨ੍ਹਾਂ ਦਾ ਵੀ ਜੀਵਨ ਸਫਲ ਕੀਤਾ ਹੈ। ਇਹਨਾਂ ਤੋਂ ਕੀਰਤਨ ਸਿੱਖ ਕੇ ਇਹਨਾਂ ਦੇ ਬਹੁਤ ਸਾਰੇ ਵਿਦਿਆਰਥੀ ਵਿਦੇਸ਼ਾਂ ਵਿਚ ਜਾ ਵਸੇ ਹਨ ਤੇ ਉਥੇ ਹੀ ਪੱਕੇ ਤੌਰ ਤੇ ਵਸ ਗਏ ਹਨ। ਪ੍ਰੋ. ਚੰਨਣ ਸਿੰਘ ਹੁਰਾਂ ਨੇ ਆਪਣੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਸੰਗੀਤ ਦੇ ਡਿਪਲੋਮੇ ਵੀ ਕਰਵਾਏ ਹਨ। ਹੁਣ ਵੀ ਬਹੁਤ ਸਾਰੇ ਲੜਕੇ ਤੇ ਲੜਕੀਆਂ ਆਪ ਪਾਸੋਂ ਸੰਗੀਤ ਸੰਬੰਧੀ ਵਿੱਦਿਆ ਪ੍ਰਾਪਤ ਕਰ ਰਹੇ ਹਨ ਤੇ ਆਪਣਾ ਜੀਵਨ ਸਫਲ ਕਰ ਰਹੇ ਹਨ।

ਪ੍ਰੋ. ਚੰਨਣ ਸਿੰਘ ਸੇਵਕ ਹੁਰਾਂ ਨੇ ਪੁਰਾਣੇ ਕੀਰਤਨੀਆਂ ਵਿਚੋਂ ਭਾਈ ਸੰਤਾ ਸਿੰਘ, ਪ੍ਰੋ. ਭਾਈ ਸਮੁੰਦ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਹਰਚੰਦ ਸਿੰਘ, ਪ੍ਰਿੰ ਚੰਨਣ ਸਿੰਘ ਮਜਬੂਰ ਹੁਰਾਂ ਦਾ ਤੇ ਹੋਰ ਵੀ ਬਹੁਤ ਸਾਰੇ ਕੀਰਤਨ ਕਰਨ ਵਾਲੇ ਸੱਜਣਾਂ ਦਾ ਅਸਰ ਕਬੂਲਿਆ।

ਪ੍ਰੋ ਚੰਨਣ ਸਿੰਘ ਸੇਵਕ ਕੀਰਤਨ ਕਰਨ ਦੇ ਨਾਲ ਨਾਲ ਤਬਲਾ ਵਜਾਉਣ ਦਾ ਸ਼ੌਕ ਵੀ ਰੱਖਦੇ ਹਨ। ਧਾਰਮਿਕ ਕਵਿਤਾਵਾਂ ਲਿਖਣ ਦਾ ਵੀ ਆਪ ਨੂੰ ਅਥਾਹ ਸ਼ੌਕ ਹੈ। ਕੀਰਤਨ ਕਰਦੇ ਕਰਦੇ ਆਪ ਵਿਆਖਿਆ ਵੀ ਕਰਦੇ ਹਨ।

ਪ੍ਰੋ. ਚੰਨਣ ਸਿੰਘ ਸੇਵਕ ਕੀਰਤਨ ਨੂੰ 'ਵੱਡਮੁੱਲੀ ਦਾਤ' ਮੰਨਦੇ ਹਨ। ਤਖਤ ਸ੍ਰੀ ਕੇਸਗੜ੍ਹਸਾਹਿਬ ਵਿਖੇ ਹਜ਼ੂਰੀ ਰਾਗੀ ਦੇ ਤੌਰ ਤੇ ਕੀਰਤਨ ਕਰਨ ਨੂੰ ਆਪ ਆਪਣੇ ਜੀਵਨ ਦੀ ਵਿਸ਼ੇਸ਼ ਘਟਨਾ ਸਮਝਦੇ ਹਨ। ਆਪ ਜੀ ਦਾ ਕਹਿਣਾ ਹੈ ਕਿ ਕੀਰਤਨ ਨਿਰਧਾਰਤ ਰਾਗਾਂ ਵਿੱਚ ਹੋਣਾ ਚਾਹੀਦਾ ਹੈ, ਫਿਲਮੀ ਤਰਜ਼ ਤੇ ਨਹੀਂ।

ਆਪ ਇਹ ਵੀ ਮੰਨਦੇ ਹਨ ਕਿ ਜਦੋਂ ਆਪ ਜਿਥੇ ਮਨ ਲਾ ਕੇ ਕੀਰਤਨ ਕੀਤਾ ਜਾਵੇ ਉਹ ਥਾਂ ਸਵੱਰਗ ਬਣ ਜਾਂਦਾ ਹੈ। ਆਪ ਜੀ ਦਾ ਕਹਿਣਾ ਹੈ ਕਿ ਕੀਰਤਨੀਏ ਦਾ ਜੀਵਨ 'ਚੜ੍ਹਦੀ ਕਲਾ' ਵਾਲਾ ਹੋਣਾ ਚਾਹੀਦਾ ਹੈ। ਇਹ ਜਰੂਰੀ ਹੈ ਕਿ ਕੀਰਤਨੀਆਂ ਨਿਤਨੇਮੀ ਪਰਉਪਕਾਰੀ ਧਰਮੀ ਤੇ ਗੁਰੂ ਘਰ ਦਾ ਪ੍ਰੇਮੀ ਹੋਵੇ। ■



# ਧੰਨੁ ਧੰਨੁ ਸਤਿਸੰਗਿ ਜਿਤ ਹਰਿ ਰਸ ਪਾਇਆ

## (ਤਪੋਵਨ, ਅਮਰਾਵਤੀ ਵਿਖੇ ਹੋਇ ਸਤਿਸੰਗ ਦੀਆਂ ਕੁਝ ਝਲਕੀਆਂ)

ਰਮੇਸ਼ ਸਿੰਘ*

ਤਪੋਵਨ, ਮਹਾਂਰਾਸ਼ਟਰ ਰਾਜ ਦੇ ਅਮਰਾਵਤੀ (ਨਾਗਪੁਰ ਤੋਂ 150 km ਮੁਬੰਈ ਵੱਲ) ਸ਼ਹਿਰ ਵਿਚ ਕੋਹੜ ਦੇ ਮਰੀਜ਼ਾਂ ਦਾ ਇੱਕ ਵੱਡਾ Treatment Cum Rehabilitation Centre ਹੈ ਜਿਸ ਵਿਚ 1000 ਦੇ ਲਗਭਗ ਲੋਕ ਰਹਿੰਦੇ ਹਨ। ਇਥੇ ਇੱਕ ਗੁਰਮੁਖ ਪਿਆਰੇ, ਗੁਰੂ ਦੇ ਲਾਡਲੇ ਸਿੱਖ ਪਿਛਲੇ 20 ਸਾਲਾਂ ਤੋਂ - Indian Foreign Service ਦੀ ਨੌਕਰੀ retirement ਤੋਂ 10 ਸਾਲ ਪਹਿਲਾਂ ਛੱਡ ਕੇ - ਗੁਰੂ ਦੀ ਪ੍ਰੇਰਣਾ ਸਦਕਾ ਇਨ੍ਹਾਂ ਕੋਹੜ ਦੇ ਮਰੀਜ਼ਾਂ ਦੀ ਸੇਵਾ ਕਰ ਰਹੇ ਹਨ। ਇਨ੍ਹਾਂ ਮਰੀਜ਼ਾਂ ਵਿੱਚ ਇੱਕ ਵੀ ਪੰਜਾਬੀ ਨਹੀਂ, ਇੱਕ ਵੀ ਸਿੱਖ ਨਹੀਂ, ਨਾ ਹੀ ਕੋਈ ਪੰਜਾਬੀ ਬੋਲਦਾ ਹੈ। ਪਿਛਲੇ 10 ਸਾਲਾਂ ਤੋਂ ਮੈਨੂੰ ਇਹ ਸੁਭਾਗ ਪ੍ਰਾਪਤ ਹੈ ਕਿ ਹਰ ਸਾਲ 1-2 ਵਾਰ, ਇਨ੍ਹਾਂ ਗੁਰਮੁਖ ਪਿਆਰਿਆਂ ਨਾਲ ਜਿਨ੍ਹਾਂ ਨੂੰ ਸਾਰੇ ਪਿਆਰ ਨਾਲ "ਪਾਪਾ ਜੀ" ਆਖਦੇ ਹਨ - ਸਤਿਸੰਗ ਕਰਨ ਜਾਵਾਂ। ਇਸ ਸਾਲ ਵੀ ਫਰਵਰੀ ਮਹੀਨੇ ਅਸੀਂ 10-15 ਸਤਿਸੰਗੀ (84 ਸਾਲਾਂ ਦੇ, High Court ਦੇ retired Cheif Justice ਤੋਂ ਲੈ 23 ਸਾਲ ਦੀ ਨੌਜੁਆਨ ਬੱਚੀ ਤੱਕ) ਇਕੱਤ੍ਰ ਹੋਇ, ਦਿੱਲੀ, ਜਮਸ਼ੇਦਪੁਰ, ਨਾਗਪੁਰ, ਅਕੋਲਾ, ਅਮਰਾਵਤੀ ਤੋਂ। ਇਨ੍ਹਾਂ ਵਿਚੋਂ ਕਿਸੇ ਦੀ ਦੁਨਿਆਵੀ ਰਿਸ਼ਤੇਦਾਰੀ ਨਹੀਂ ਸੀ ਤੇ ਸਾਰੇ ਨਿਰੋਲ ਸਤਿਸੰਗ ਕਰਨ ਤੇ ਕੋਹੜ ਦੇ ਮਰੀਜ਼ਾਂ ਨਾਲ ਪ੍ਰਭੂ ਤੋਂ ਪ੍ਰਾਪਤ ਪਿਆਰ ਵੰਡਣ ਆਏ ਸਨ।

ਗੁਰੂ ਦੀ ਅਪਾਰ ਬਖਸ਼ਿਸ਼ ਦਾ ਸਦਕਾ ਸਤਿਸੰਗ ਵਿੱਚ ਗੁਰਬਾਣੀ ਦੀ ਅਟੱਲ ਸਚਾਈ ਪਰਤੱਖ ਵੇਖਣ ਨੂੰ ਮਿਲਦੀ ਰਹੀ ਤੇ ਸਾਰਿਆਂ ਨੇ ਗੁਰੂ ਦੇ ਚਰਣ-ਕਮਲਾਂ ਦੇ ਆਸ਼ਰਮ ਵਿੱਚ ਬੈਠ ਕੇ ਨਿੱਘੇ ਪਿਆਰ ਦਾ ਆਨੰਦ ਮਾਣਿਆ। ਸਾਡੀ daily routine ਕੁੱਝ ਇਸ ਪ੍ਰਕਾਰ ਦੀ ਸੀ :

ਅੰਮ੍ਰਿਤ ਵੇਲੇ 2.30-3.00-3.30 ਵਜੇ ਸਾਰੇ ਉੱਠ ਜਾਂਦੇ, ਇਸ਼ਨਾਨ ਤੇ ਨਿਤਨੇਮ ਤੋਂ ਬਾਅਦ 4.00-4.30 radio ਤੋਂ ਹਰਿਮੰਦਰ ਸਾਹਿਬ ਤੋਂ ਪ੍ਰਸਾਰਿਤ ਹੋਣ ਵਾਲਾ ਗੁਰਬਾਣੀ ਕੀਰਤਨ ਸੁਣਦੇ ਤੇ ਫਿਰ 4.30 ਤੋਂ 6.00 ਪਾਪਾ ਜੀ ਕੀਰਤਨ ਕਰਦੇ, ਉਨ੍ਹਾਂ ਦਾ ਸਾਥ ਦਿੱਲੀ ਤੋਂ ਆਈਆਂ ਦੋ ਭੈਣਾਂ ਦੇਂਦੀਆਂ। ਕੀਰਤਨ ਤੋਂ ਬਾਅਦ 6 ਤੋਂ 7 ਸਾਰੇ ਸੈਰ ਕਰਨ ਜਾਂਦੇ, ਵਾਪਸੀ ਵਿੱਚ Male Wards ਦੇ ਮਰੀਜ਼ਾਂ ਨੂੰ ਮਿਲਣ ਜਾਂਦੇ, ਉਨ੍ਹਾਂ ਦਾ ਹਾਲ-ਚਾਲ ਪੁੱਛਦੇ, ਪ੍ਰਭੂ ਦਾ ਪਿਆਰ ਵੰਡਦੇ। ਘਰ ਆ ਕੇ 8-8.30 breakfast ਕਰਦੇ। 9 ਵਜੇ ਪਾਪਾ ਜੀ ਮਰੀਜ਼ਾਂ ਦੀ dressing ਕਰਨ ਚਲੇ ਜਾਂਦੇ। 11 ਤੋਂ 1 ਵਜੇ ਦੇ ਦਰਮਿਆਨ ਗੁਰਮਤਿ ਵਿਚਾਰਾਂ ਹੁੰਦੀਆਂ ਯਾਂ ਕੀਰਤਨ। ਉਪਰੰਤ : Lunch, ਆਰਾਮ, ਗੁਰੂ ਗ੍ਰੰਥ ਸਾਹਿਬ ਦਾ ਪਾਠ ਤੇ ਚਾਹ ਪੀ ਕੇ ਸਾਰੇ 5-5.30 ਵਜੇ ਨਿਕਲ ਜਾਂਦੇ Female wards ਦੇ ਮਰੀਜ਼ਾਂ ਨੂੰ ਮਿਲਣ, Female Hostels ਦੇ ਵਾਸੀਆਂ ਦਾ ਹਾਲ-ਚਾਲ ਪੁੱਛਣ, ਬੱਚਿਆਂ ਨੂੰ ਮਿਲਣ (400-500 ਬੱਚੇ ਉਥੇ ਰਹਿੰਦੇ ਤੇ ਪੜ੍ਹਦੇ ਹਨ), ਅਤੇ ਗੁਰੂ ਗੋਬਿੰਦ ਸਿੰਘ ਨਿਵਾਸ ਤੇ ਤੁਕਾਰਾਮ ਨਿਵਾਸ-ਜੋ Old and Dying patients Wings ਹੈਨ-ਦੋ ਭਰਾਵਾਂ ਨਾਲ ਪ੍ਰਭੂ ਦੇ ਗੀਤ ਗਾਣ। ਤੁਕਾਰਾਮ ਨਿਵਾਸ ਤੇ ਗੁਰੂ ਗੋਬਿੰਦ ਸਿੰਘ ਨਿਵਾਸ ਅੰਦਰ ਉਹ ਲੋਕ ਰਹਿੰਦੇ ਹਨ ਜਿਨ੍ਹਾਂ ਨੂੰ ਕੋਹੜ ਰੋਗ ਨੇ ਪੂਰੀ ਤਰ੍ਹਾਂ ਨਕਾਰਾ ਕਰ ਦਿੱਤਾ ਹੈ, ਹੱਥਾ ਪੈਰਾਂ ਦੀਆਂ ਉਂਗਲਾਂ ਗਲ ਗਈਆਂ, ਕਈਆਂ ਦੇ ਨੇਤ੍ਰ ਬੰਦ ਹੋ ਗਏ ਹਨ, ਘਰੋਂ ਕੱਢ ਦਿੱਤੇ ਗਏ, ਕੋਈ ਪੁੱਛਣ ਨਹੀਂ ਆਉਂਦਾ, ਕੋਈ ਨੇੜੇ ਨਹੀਂ ਲਗਦਾ, ਉਹ ਹੁਣ ਆਪਣੀ ਮੌਤ ਦਾ ਇੰਤਜ਼ਾਰ ਕਰ ਰਹੇ ਹਨ; ਪਰ ਉਨ੍ਹਾਂ ਅੰਦਰ ਜੋ ਪਿਆਰ, ਜੋ ਸ਼ਰਧਾ ਹੈ, ਜੋ ਗਰਮਜੋਸ਼ੀ ਹੈ, ਜੋ ਸੰਤੋਖ ਹੈ, ਜੋ ਠੰਢ ਹੈ, ਜੋ ਸ਼ਾਂਤੀ ਹੈ, ਜੋ ਸਕੂਨ ਹੈ। ਉਹ ਕਰੋੜਪਤੀਆਂ ਨੂੰ ਵੀ ਨਸੀਬ ਨਹੀਂ। ਉਨ੍ਹਾਂ ਨੂੰ ਮਿਲ ਕੇ ਇਹ ਭੇਦ ਖੁਲ੍ਹਦਾ ਹੈ ਕਿ ਕਿਉਂ ਗੁਰੂ ਨਾਨਕ ਦੇਵ ਜੀ ਨੇ ਇਹ ਕਿਹਾ ਸੀ।

> ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
>
> ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
>
> ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਬਖਸੀਸ॥ (ਪੰਨਾ 15)

* 16 Kasidih East, Road No.1 Sakchim Jamshedpur - 831001 (Bihar)

ਪਾਪਾ ਜੀ ਪਿਛਲੇ 20 ਸਾਲਾਂ ਤੋਂ (ਜਦੋਂ ਵੀ ਉਹ ਤਪੋਵਨ ਹੋਵਣ) ਜ਼ਰੂਰ ਸ਼ਾਮ ਨੂੰ ਉਨ੍ਹਾਂ ਨਾਲ ਸਤਿਸੰਗ ਕਰਦੇ ਹਨ - ਗੁਰਬਾਣੀ ਦੇ ਸ਼ਬਦ, ਮਰਾਠੀ, ਹਿੰਦੀ ਦੇ ਭਜਨਾਂ ਰਾਹੀਂ ਸਾਰੇ ਪ੍ਰਭੂ ਦਾ ਰੰਗ ਮਾਣਦੇ ਹਨ। ਉਸ ਤੋਂ ਬਾਅਦ, ਸ਼ਾਮ ਦੀ ਸੈਰ, ਰਹਿਰਾਸ ਸਾਹਿਬ ਦਾ ਪਾਠ, ਕੀਰਤਨ ਦੀ ਚੌਕੀ, ਰਾਤ ਦਾ ਭੋਜਨ (8.30 ਤੋਂ 9.00) ਵਜੇ, ਗੁਰਮਤਿ ਵਿਚਾਰਾਂ ਤੇ 10 ਵਜੇ ਤੀਕ ਸੌਂ ਜਾਣਾ । In brief, ਇਹ ਸਾਡਾ daily routine ਤਪੋਵਨ ਵਿਖੇ।

ਹਰ ਸਤਿਸੰਗ ਦਾ ਰੰਗ, "ਸਾਹਿਬ ਮੇਰਾ ਨੀਤ ਨਵਾ...." ਦੇ ਮਹਾਂਵਾਕ ਅਨੁਸਾਰ ਨਿਆਰਾ ਹੀ ਹੁੰਦਾ ਹੈ, ਇਸ ਵਾਰ ਵੀ ਸਤਿਸੰਗ ਦਾ ਰੰਗ ਕੁਛ ਨਵੇਕਲਾ ਹੀ ਸੀ। ਕੁਝ ਝਲਕੀਆਂ ਪੇਸ਼ ਕਰਦਾ ਹਾਂ ਜੋ ਵੇਖਣ ਤੇ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ।

1. ਪਹਿਲੇ ਦਿਨ, ਪਾਪਾ ਜੀ ਸ਼ਬਦ ਪੜ੍ਹ ਰਹੇ ਸਨ -"ਕੋਈ ਬੋਲੈ ਰਾਮ ਰਾਮ ਕੋਈ ਖੁਦਾਇ......" (ਪੰਨਾ 885) ਤੇ ਸਮਝਣ ਦੀ ਕੋਸ਼ਿਸ਼ ਕਰ ਰਹੇ ਸਨ। ਗੁਰੂ ਅਰਜਨ ਦੇਵ ਜੀ ਦਾ message **"ਕਹੁ ਨਾਨਕੁ ਜਿਨਿ ਹੁਕਮ ਪਛਾਤਾ॥ ਪ੍ਰਭੁ ਸਾਹਿਬ ਕਾ ਤਿਨਿ ਭੇਦੁ ਜਾਤਾ॥"** ਕਿ ਧਰਕ ਕੋਈ ਵੀ ਹੋਵੇ, Label ਕੋਈ ਵੀ ਹੋਵੇ, ਜਾਤ ਕੋਈ ਵੀ ਹੋਵੇ, ਮੂਲ ਗੱਲ ਤਾਂ ਹੁਕਮ ਪਛਾਣ ਦੀ ਹੈ। ਹੁਕਮ ਕੀ ਹੈ? ਤੇ ਸਾਰਿਆਂ ਲਈ ਹੁਕਮ ਇਕੋ ਹੈ - **"ਏਕੁ ਨਾਮੁ ਹੁਕਮੁ ਹੈ...."** (ਪੰਨਾ 72)। ਨਾਮ ਕੀ ਹੈ? ਨਾਮ ਹੈ ਗੁਰੂ ਹੁਕਮਾਂ ਤੇ ਜੀਵਨ ਢਾਲ ਕੇ ਗੋਬਿੰਦ ਨਾਲ ਇਕ ਮਿਕ ਹੋ ਜਾਣਾ। **"ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ"** - ਜੋ ਮਨੁੱਖੀ ਜੀਵਨ ਦਾ ਉਦੇਸ਼ ਹੈ)। ਗੁਰੂ ਨਾਨਕ ਦੇਵ ਜੀ ਨੇ ਹੀ ਸਿੱਖ ਨੂੰ ਸਪਸ਼ਟ ਕਰ ਦਿੱਤਾ ਸੀ ਕਿ ਭਾਈ, ਪ੍ਰਭੂ ਮਿਲਨ ਤਾਂ ਪ੍ਰੇਮ ਦੀ ਖੇਡ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਅੰਮ੍ਰਿਤ ਛਕਾ ਕੇ ਇਸੇ ਗਲ ਨੂੰ ਦ੍ਰਿੜ ਕਰਾਇਆ ਸੀ - **"ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥"** ਸੁ ਸਿਖ ਲਈ ਇਹ ਲਾਜ਼ਮੀ ਹੈ ਕਿ ਉਹ ਆਪਾ ਮਿਟਾ ਕੇ (**"ਮਰਿ ਜੀਵੈ ਮਰੀਆ"** ਤੇ **"ਹੋਹੁ ਸਭਨਾ ਕੀ ਰੇਣੁਕਾ"**... ਦੇ ਹੁਕਮਾਂ ਅਨੁਸਾਰ ਸਾਰੀ ਮਨੁੱਖਤਾ ਨਾਲ ਇਕੋ ਜਿਹਾ ਪਿਆਰ ਕਰੇ (ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ) - ਜਿਵੇਂ ਕਿ ਉਸਦੇ ਸਦੀਵੀ, ਜੁਗੋ ਜੁਗ ਅਟਲ ਗੁਰੂ, ਗੁਰੂ ਗ੍ਰੰਥ ਸਾਹਿਬ ਆਪਣੇ ਵਿੱਚ ਸਿੱਖ ਗੁਰੂ ਸਾਹਿਬਾਨਾਂ ਦੇ ਨਾਲ -ਨਾਲ ਹਿੰਦੂ ਮੁਸਲਮਾਨਾਂ ਤੇ ਅਖੌਤੀ ਨੀਚ ਜਾਤ ਦੇ ਭਗਤਾਂ (ਜਿਨ੍ਹਾਂ ਇੱਕ ਸੱਚ ਨੂੰ ਪਛਾਣਿਆ ਸੀ ਤੇ ਸਾਰੀ ਮਨੁੱਖਤਾ ਨੂੰ ਇਕੋ ਪ੍ਰਭੂ ਨਾਲ ਜੁੜਨ ਦਾ ਉਪਦੇਸ਼ ਦਿੱਤਾ ਸੀ) ਨੂੰ ਵੀ ਸਮੋਈ ਬੈਠੇ ਹਨ। ਗੁਰੂ ਕਿਰਪਾ ਸਦਕਾ ਤਪੋਵਨ, ਇਹੋ ਜਿਹਾ ਪਿਆਰ ਗੁਰਸਿੱਖ ਦੀ ਜ਼ਿੰਦਗੀ ਵਿਚੋਂ ਵੀ ਪ੍ਰਗਟ ਹੋ ਰਿਹਾ ਹੈ। ਜਿਦੇ ਫਲਸਰੂਪ ਗੁਰਸਿੱਖਾਂ ਨੇ ਸਾਰੇ ਤਪੋਵਨ ਨੂੰ ਆਪਣਾ ਪਰਿਵਾਰ ਬਣਾ ਲਿਆ ਹੈ। ਕੋਹੜ ਦੇ ਮਰੀਜ, ਸਾਰੇ ਤਪੋਵਨ ਵਾਸੀ, ਗੁਰਸਿੱਖ ਦੇ ਮਾਤਾ-ਪਿਤਾ-ਭਾਈ ਤੇ ਬੱਚੇ ਹਨ ਤੇ ਕਮਾਲ ਇਹ ਹੋਇਆ ਹੈ ਕਿ ਪਿਆਰ ਨੇ ਸਾਰੀਆਂ ਹਦਬੰਦੀਆਂ ਤੋੜ ਦਿੱਤੀਆਂ ਹਨ ਤੇ ਸਾਰੇ ਤਪੋਵਨ ਨੇ (Director ਤੋਂ ਲੈ ਕੇ ਛੋਟੇ ਬੱਚੇ ਤੱਕ) ਗੁਰਸਿੱਖ ਨੇ "ਪਾਪਾ ਜੀ" ਬਣਾ ਲਿਆ ਹੈ। ਪਾਪਾ ਜੀ ਨੂੰ ਵੇਖਦਿਆਂ ਸਾਰ ਹੀ ਉਨ੍ਹਾਂ ਦੇ ਚਿਹਰਿਆਂ ਤੇ ਭਾਵੇਂ ਬੱਚੇ ਹੋਣ, ਬੁੱਢੇ ਹੋਣ, ਜੁਆਨ ਹੋਣ, ਇਸਤ੍ਰੀ ਯਾ ਪੁਰਸ਼ ਹੋਣ - ਜੋ ਖੇੜਾ ਉਪਜਦਾ ਹੈ ਉਹ ਬਿਆਨ ਨਹੀਂ ਕੀਤਾ ਜਾ ਸਕਦਾ। ਪਾਪਾ ਜੀ ਜਿਧਰ ਵੀ ਨਿਕਲ ਜਾਣ, ਤਪੋਵਨ 'ਚੋਂ "ਅਨਦੁ ਕਰਹੁ ਪ੍ਰਭ ਕੇ ਗੁਨ ਗਾਵਹੁ" (ਪੰਨਾ 386) ਦੀ ਧੁਨੀ ਗੂੰਜ ਉਠਦੀ ਹੈ। ਪਿਆਰ-ਨਿਸ਼ਕਾਮ ਪਿਆਰ ਵਿੱਚ ਕਿਤਨੀ ਤਾਕਤ ਹੁੰਦੀ ਹੈ ਤੇ ਇਹ ਕਿਵੇਂ ਦਿਲਾਂ ਨੂੰ ਚੀਰ ਕੇ ਅੰਦਰ ਘਰ ਬਣਾ ਲੈਂਦਾ ਹੈ ਇਸ ਦੀ ਪਰਤੱਖ ਮਿਸਾਲ ਜੇ ਕਿਸੇ ਦੇਖਣੀ ਹੋਵੇ ਤਾਂ ਤਪੋਵਨ ਪਹੁੰਚ ਜਾਏ।

2. ਜਿਵੇਂ ਸਾਡੇ ਘਰ ਕੋਈ ਆਵੇ ਤਾਂ ਅਸੀਂ ਉਸਦੀ ਮੁਲਾਕਾਤ ਆਪਣੇ ਪਰਿਵਾਰ ਵਾਲਿਆਂ ਨਾਂਲ ਕਰਾਂਦੇ ਹਾਂ, ਇਸੇ ਤਰ੍ਹਾਂ ਜੋ ਵੀ ਤਪੋਵਨ ਆਉਂਦਾ ਹੈ "ਪਾਪਾ ਜੀ" ਉਸਨੂੰ ਬੜੇ ਚਾਅ ਨਾਲ ਆਪਣੇ ਵੱਡੇ ਪਰਿਵਾਰ (ਤਪੋਵਨ ਵਾਲਿਆਂ) ਨਾਲ ਮਿਲਾਣ ਲੈ ਜਾਂਦੇ ਹਨ। ਕਈ ਸਾਲਾਂ ਤੋਂ ਤਪੋਵਨ ਜਾਣ ਕਰਕੇ, ਕੁਛ ਤਪੋਵਨ ਵਾਸੀ, ਸਾਨੂੰ ਵੀ ਜਾਣਦੇ ਹਨ ਤੇ ਕਿਵੇਂ ਸਮਾਜ ਦੇ ਤਿਰਸਕ੍ਰਿਤ ਵਰਗ ਦੇ ਲੋਕਾਂ ਅੰਦਰ ਪਿਆਰ ਠਾਠਾਂ ਮਾਰਦਾ ਹੈ। ਕਿਵੇਂ ਮਨੁੱਖੀ ਭਾਵਨਾਵਾਂ ਉਛਾਲਾ ਮਾਰਦੀਆਂ ਹਨ। ਇਸਦੀ ਮਿਸਾਲ ਅਸਾਂ ਸਾਰਿਆਂ ਵੇਖੀ ਜਦੋਂ ਇਕ ਦਿਨ ਰਾਜਾਰਾਮ ਨਾਮ ਦਾ ਇਕ ਬਜੁਰਗ ਤਪੋਵਨ ਵਾਸੀ ਆਪਣੇ ਦੁੱਧ ਦੇ ਕੂਪਨ ਲੈ ਕੇ ਆ ਗਿਆ ਤੇ ਬੜੇ ਪਿਆਰ ਨਾਲ ਕਹਿਣ ਲੱਗਾ, ਇਹ ਕੂਪਨ ਤੁਸੀਂ ਰੱਖ ਲਵੋਂ ਇਹ ਮੇਰੇ ਵਲੋਂ ਪਿਆਰ ਸਮਝ ਕੇ ਲੈ ਲਵੋ, ਅਸੀਂ ਹੈਰਾਨ ਰਹਿ ਗਏ।

50-60 ਰੁਪਏ ਮਹੀਨੇ ਕਮਾਣ ਵਾਲੇ ਉਸ ਗਰੀਬ (ਪਰ ਦਿਲ ਦੇ ਬਾਦਸ਼ਾਹ) ਨੇ ਕਿਆ ਕਮਾਲ ਦਾ gesture ਵਿਖਾਇਆ ਸੀ। ਸਾਡੇ ਬਾਰ ਬਾਰ ਨਾਂਹ ਕਰਨ ਦੇ ਬਾਵਜੂਦ ਵੀ ਉਹ ਨਾ ਮੰਨੇ ਉਸਦਾ ਪਿਆਰ ਵੇਖ ਕੇ ਪਾਪਾ ਜੀ ਕਹਿਣ ਲੱਗੇ, ਕੋਈ ਗੱਲ ਨਈਂ, ਰੱਖ ਲਵੋ ਇਹ ਕੂਪਨ ਹੋਰ ਨਾਂਹ ਨਾ ਕਰੋ। ਸਮਾਜ ਦੇ ਨਿਤਾਣੇ ਲੋਕਾਂ ਅੰਦਰ ਵੀ ਕੰਚਨ ਵਰਗਾ ਦਿਲ ਹੁੰਦਾ ਹੈ, ਇਹ ਵੇਖ ਕੇ ਦਿਲ ਗਦਗਦ ਹੋ ਗਇਆ ਤੇ ਇਸ experience ਲਈ ਸ਼ੁਕਰ ਸ਼ੁਕਰ ਨਿਕਲਿਆ।

3. ਪਿਆਰ ਦੀ ਇੱਕ ਹੋਰ ਮਿਸਾਲ - ਪਾਪਾ ਜੀ ਦੇ ਗੁਆਂਢ ਇੱਕ ਮਰਾਠੀ ਭੈਣ ਰਹਿੰਦੀ ਹੈ- ਨਲਿਨੀ, ਜਿਸਦਾ ਪਤੀ ਸਾਰੇ ਤਪੋਵਨ ਅੰਦਰ ਦੁੱਧ ਵੰਡਦਾ, ਅਰਥਾਤ milkman ਹੈ। ਬੜਾ ਹੀ ਗਰੀਬ ਪਰਿਵਾਰ ਹੈ, ਜੁਆਨ ਬੱਚੇ, ਉਨ੍ਹਾਂ ਦੀ ਪੜ੍ਹਾਈ ਤੇ ਪਾਲਣ-ਪੋਸ਼ਣ ਦਸ ਬੋਝ ਮੁਸ਼ਕਲ ਨਾਲ ਗੁਜਾਰਾ ਹੁੰਦਾ ਹੈ ਪਾਪਾ ਜੀ ਉਨ੍ਹਾਂ ਦੀ ਮਦਦ ਕਰਦੇ ਰਹਿੰਦੇ ਹਨ। ਅਸੀਂ ਜਦੋਂ ਵੀ ਸਾਰੇ ਉੱਥੇ ਇਕਤ੍ਰ ਹੋਈਏ, ਨਲਿਨੀ ਜਰੂਰ ਇਕ ਦਿਨ ਸਾਡੇ ਸਾਰਿਆਂ ਲਈ special breakfast ਬਣਾ ਕੇ ਲਿਆਂਦੀ ਹੈ, ਇਸ ਵਾਰ ਵੀ ਲਿਆਈ। ਨਾਂਹ ਕਰਨ ਦੀ ਹਿੰਮਤ ਨਹੀਂ ਪੈਂਦੀ ਉਸਦੇ ਪਿਆਰ ਦੀ ਖਿੱਚ ਅੱਗੇ।

4. ਸਾਡੇ ਸਭ ਤੋਂ seniormost ਸਤਿਸੰਗੀ 84 ਵਰ੍ਹਿਆਂ ਦੇ ਹਾਈ ਕੋਰਟ ਦੇ Retired Cheif Justice, ਸਾਡੇ ਨਾਲ ਗੁਰਸਿੱਖੀ ਜੀਵਨ ਦੀਆਂ ਉਹ ਮਿਸਾਲਾਂ ਪੇਸ਼ ਕਰਦੇ ਸਨ ਜੋ ਅੱਜਕਲ੍ਹ ਵਿਰਲੇ ਹੀ ਵੇਖਣ ਨੂੰ ਮਿਲਦੀਆਂ ਹਨ। ਮਾਣ ਹੁੰਦੇ ਹੋਇ ਨਿਮਾਣਾ, ਤਾਣ ਹੁੰਦੇ ਹੋਏ ਨਿਤਾਣਾ, ਹਿਰਦੈ ਵਿਚ ਗਰੀਬੀ, ਹੋਹੁ ਸਭਨਾ ਕੀ ਰੇਣੁਕਾ ਦੇ ਪਰਤੀਕ ਤੇ ਅਮਲੀ ਜੀਵਨ ਤਦੇ ਧਾਰਨੀ ਸਾਡੇ ਸਾਰਿਆਂ ਲਈ ਪ੍ਰੇਰਨਾਸਰੋਤ ਸਨ। ਇਤਨੀ ਵਡੇਰੀ ਉਮਰ ਦੇ ਬਾਵਜੂਦ ਤਿੰਨ ਵਜੇ ਅੰਮ੍ਰਿਤ ਵੇਲੇ ਉਠ ਜਾਂਦੇ ਤੇ ਸਤਿਸੰਗੀ ਦੇ ਸਾਰੇ ਕੰਮ ਵਿਚ ਸ਼ਾਮਿਲ ਹੁੰਦੇ, participate ਕਰਦੇ ਅਤੇ ਆਪਣੇ ਨਿੱਜੀ ਅਨੁਭਵਾਂ ਦੁਆਰਾ ਸਾਨੂੰ guide ਕਰਦੇ। ਦਸਵੰਧ ਦੀ ਗੱਲ ਚਲੀ ਤਾਂ ਪਤਾ ਲੱਗਾ ਕਿ ਉਹ ਤਾਂ ਛੋਟੀ ਉਮਰ ਤੋਂ ਹੀ ਗੁਰੂ ਦੇ ਇਸ ਹੁਕਮ ਦਾ ਪੂਰੀ ਈਮਾਨਦਾਰੀ ਨਾਲ ਪਾਲਨ ਕਰਦੇ ਆ ਰਹੇ ਹਨ। ਜਦੋਂ ਤਨਖਾਹ 45 ਰੁਪਏ ਮਹੀਨਾ ਸੀ। ਉਦੋਂ 4.50 ਰੁਪਏ ਤੇ ਜਦੋਂ ਆਮਦਨੀ ਦੋ ਲੱਖ ਰੁਪਏ ਸੀ ਤਾਂ 20,000 ਰੁਪਏ ਮਹੀਨਾ ਧਰਮ ਕਾਰਜਾਂ ਲਈ ਕੱਢਦੇ ਰਹੇ ਤੇ ਹੁਣ ਵੀ ਪੈਨਸ਼ਨ 'ਚੋਂ regular ਦਸਵੰਧ ਕੱਢਦੇ ਹਨ। Acting Governer ਵੀ ਰਹਿ ਚੁੱਕੇ ਹਨ ਪਰ ਨਿਮਰਤਾ ਉਨ੍ਹਾਂ ਅੰਦਰੋਂ ਡੁੱਲ-ਡੁੱਲ ਪੈਂਦੀ ਹੈ। ਤਪੋਵਨ ਵਾਲੇ ਗੁੱਰਸਿੱਖ ਕੋਲੋਂ ਵਡੇਰੀ ਉਮਰ (16-17 ਸਾਲ ਦਾ ਫਰਕ ਹੈ) ਹੋਣ ਦੇ ਬਾਵਜੂਦ ਸਾਰਿਆਂ ਵਾਂਗ ਉਹ ਵੀ ਉਨ੍ਹਾਂ ਨੂੰ ਪਾਪਾ ਜੀ ਆਖਦੇ ਹਨ। ਤਪੋਵਨ ਦੇ ਚੌਕੀਦਾਰ (ਜੋ ਕੋਹੜ ਦਾ ਮਰੀਜ ਰਹਿ ਚੁੱਕਾ ਹੈ) ਅੱਗੇ ਹੱਥ ਬੰਨ੍ਹ ਕੇ ਖਲੋ ਜਾਂਦੇ ਹਨ ਅਤੇ ਕਹਿੰਦੇ ਹਨ-ਭਾਈ ਤੂੰ telephone ਤੇ ਪਾਪਾ ਜੀ ਨਾਲ ਮੇਰੀ ਮੁਲਾਕਾਤ ਕਰਾ ਦੇਂਦਾ ਹੈ, ਇਸ ਲਈ ਮੈਂ ਤੇਰਾ ਧੰਨਵਾਦੀ ਹਾਂ। ਮੈਂ ਅੱਗੇ ਵੀ ਤੈਨੂੰ ਖੇਚਲ ਦੇਂਦਾ ਰਹਾਂਗਾਂ, ਤੂੰ ਕ੍ਰਿਪਾ ਕਰਦਾ ਰਹੀਂ। ਧੰਨ ਹਨ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਆਪਣੇ ਗੁਰਸਿੱਖਾਂ ਅੰਦਰ ਨਿਮਰਤਾ ਭਰੀ - ਧੰਨ ਗੁਰੂ ਧੰਨ ਗੁਰੂ ਪਿਆਰੇ।

5. "ਪੀਰ ਮੁਰੀਦਾਂ ਪਿਰਹੜੀ ਗਾਵਨਿ ਪਰਭਾਤੀ" - ਜਿਨ੍ਹਾਂ ਅੰਦਰ ਗੁਰੂ ਲਈ ਪਿਆਰ ਤੇ ਤੜਪ ਹੁੰਦੀ ਹੈ ਤੇ ਜੋ ਸਤਿਗੁਰ ਦੇ ਸਿੱਖ ਬਣਨ ਦੇ ਚਾਹਵਾਨ ਹੁੰਦੇ ਹਨ - **ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ** (ਪੰਨਾ 305) ਦੇ ਹੁਕਮ ਅਨੁਸਾਰ ਉਹ ਅੰਮ੍ਰਿਤ ਵੇਲੇ ਪ੍ਰਭੂ ਦੀ ਯਾਦ ਵਿੱਚ ਜੁੜਦੇ ਹਨ ਤੇ ਗੁਰੂ ਦੀ ਰਹਿਮਤ ਪ੍ਰਾਪਤ ਕਰਨ ਲਈ ਝੋਲੀ ਅੱਡ ਕੇ ਅਰਦਾਸਾਂ ਕਰਦੇ ਹਨ - **"ਤੇਰੀ ਪਨਹ ਖੁਦਾਇ ਤੂ ਬਖਸੰਦਗੀ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ"** (ਪੰਨਾ 488)। ਤਪੋਵਨ ਤੇ ਸਤਿਸੰਗ ਦਾ ਸਭ ਤੋਂ ਵੱਧ ਅਨੰਦਦਾਇਕ (blissfull period) ਸਮਾਂ ਹੁੰਦਾ ਹੈ ਜਦੋਂ ਸਾਰੇ ਅੰਮ੍ਰਿਤ ਵੇਲੇ ਰਲ ਕੇ ਕੀਰਤਨ ਵਿੱਚ ਜੁੜਦੇ ਹਨ। ਵੇਖੋ ਕਿਵੇਂ ਸਿੱਖ ਗੁਰੂ ਅੱਗੇ ਜੋਦੜੀਆਂ ਕਰਦਾ ਤੇ ਲਿਲਕਾਂ ਲੈਂਦਾ ਹੈ, ਉਸ ਕੋਲੋਂ ਬੰਦਗੀ ਦੀ ਖੈਰ ਪ੍ਰਾਪਤ ਕਰਨ ਲਈ :

*ਪ੍ਰਭੂ ਤੇਰਾ ਮੇਰਾ ਪਿਆਰਾ ਕਹੀ ਟੂਟ ਨ ਜਾਏ।*
*ਯਹੀ ਫਿਕਰ ਮੁਝੇ ਹਰਦਮ ਖਾਏ।*
*ਮੈਂ ਤੋ ਹੂੰ ਇਕ ਛੋਟਾ ਸਾ ਤਿਨਕਾ।*
*ਤੇਰੀ ਖੁਸ਼ੀ ਹੈ ਮੇਰਾ ਜੀਵਨ।*
*ਸਬ ਸਹਾਰੇ ਟੂਟ ਚੁੱਕੇ ਹੈਂ,*
*ਇਕ ਸਹਾਰਾ ਤੇਰਾ ਸਿਮਰਨ*
*ਕਿਰਪਾ ਕਰੋ ਹੇ ਸੁਆਮੀ ਮੇਰੇ*
*ਯਹ ਸਹਾਰਾ ਭੀ ਕਹੀਂ ਛੂਟ ਨ ਜਾਏ।*

ਪ੍ਰਭੂ ਤੇਰਾ ਮੇਰਾ ਪਿਆਰ ਕਹੀਂ ਟੂਟ ਨ ਜਾਏ।
ਯਹੀ ਫਿਕਰ ਮੁਝੇ ਹਰਦਮ ਖਾਏ।
ਜਬ ਸੇ ਮੈਂਨੇ ਜਨਮ ਲੀਆ ਹੈ,
ਤੂਨੇ ਮੁਝ ਪੇ ਕਰਮ ਦੀਆ ਹੈ।
ਮੇਰੀ ਆਦਤ ਸੀ ਕੁਛ ਬਨ ਗਈ ਹੈ ਗਲਤੀਆਂ
ਕਰਨਾ,
ਪਰ ਆਪ ਕਾ ਤੋ ਬਿਰਦ ਹੈ ਪ੍ਰਭੂ ਮਾਫ ਕਰਨਾ
ਗਲਤੀ ਕੁਛ ਭੀ ਹੋ ਗਈ ਹੋ ਮਾਫ ਕਰ ਦੋ,
ਫਿਰ ਗੁਨਾਹੋਂ ਸੇ ਭਰ ਗਿਆ ਹੂੰ, ਫਿਰ ਸਾਫ ਕਰਦੋ।
ਮੈਂ ਤੋ ਹੂੰ ਤੇਰੇ ਦਰ ਕਾ ਭਿਖਾਰੀ,
ਤੂੰ ਜਾਨਤਾ ਹੈ ਮੇਰੀ ਹਾਲਤ ਸਾਰੀ।
ਲੇਨੇ ਆਇਆ ਹੂੰ ਤੇਰੇ ਨਾਮ ਕਾ ਦਾਨ
ਕਿਰਪਾ ਕਰੋ ਮੇਰੇ ਭਗਵਾਨ।
ਨਾਮ ਸੇ ਮੇਰੀ ਝੋਲੀ ਭਰ ਦੋ,
ਪ੍ਰੇਮ ਸੇ ਤਨ ਮਨ ਰੰਗ ਦੋ।

ਇਸ ਤਰ੍ਹਾਂ ਅੰਮ੍ਰਿਤ ਵੇਲੇ ਦਾ ਰੰਗ ਮਾਣ ਕੇ ਜੋ ਅਨੰਦ ਪ੍ਰਾਪਤ ਹੁੰਦਾ ਹੈ ਉਸ ਤੋਂ ਇਹ ਦ੍ਰਿੜ ਹੁੰਦਾ ਹੈ ਕਿ ਅੰਮ੍ਰਿਤ ਵੇਲੇ ਦੀ ਇਤਨੀ ਮਹਾਨਤਾ ਕਿਉਂ ਹੈ। ਗੁਰੂ ਕਿਰਪਾ ਕਰੇ, ਇਹ ਅਮੁਲੀ ਦਾਤ ਸਭ ਨੂੰ ਪ੍ਰਾਪਤ ਹੋਵੇ।

ਸੁ ਇਹ ਸੀ ਇਕ ਛੋਟੀ ਜਿਹੀ ਝਲਕ ਉਸ ਮਹਾਂਪੁਰਸ ਦੀ ਜੋ ਗੁਰੂ ਕਿਰਪਾ ਸਦਕਾ ਸਤਿਸੰਗ 'ਚੋਂ ਪ੍ਰਾਪਤ ਹੋਇਆ। ਮੈਂ ਵੇਖਦਾ ਹਾਂ ਕਿ ਸਦ ਕਿਰਪਾਲੂ, ਸਦ ਦਇਆਲੂ ਤੇ ਸਦ ਬਖਸ਼ਿੰਦ ਪ੍ਰਭੂ ਮੇਰੇ ਨਾਲਾਇਕ ਤੇ ਕਿਰਪਾ ਕਰਕੇ ਵਾਰ-ਵਾਰ ਸਤਿਸੰਗ ਬਖਸ਼ਦੇ ਹਨ ਪਰ ਮੈਂ ਇਤਨਾ ਨੀਚ ਤੇ ਨਾਲਾਇਕ ਹਾਂ ਕਿ ਜੋ ਸੁਣਦਾ, ਵੇਖਦਾ ਹਾਂ ਉਸ ਤੇ ਅਮਲ ਨਹੀਂ ਕਰਦਾ, ਜਿਸ ਕਾਰਣ ਪ੍ਰਭੂ ਮਾਰਗ ਤੇ ਅਗੇ ਨਹੀਂ ਵਧਦਾ। ਸਾਰੀ ਸੰਗਤ ਮੇਰੇ ਪਾਪੀ ਲਈ ਅਰਦਾਸ ਕਰੇ ਕਿ ਮੈਂ ਗੁਰਮਤਿ ਤੇ ਆਧਾਰਿਤ ਅਮਲੀ ਜੀਵਨ ਜੀ ਕੇ ਗੁਰੂ ਦੀ ਖੁਸ਼ੀ ਪ੍ਰਾਪਤ ਕਰ ਸਕਾਂ। ਕਰੋਗੇ ਨਾ? ■


ਸਾਡਾ ਵਿਰਸਾ ਸਾਡਾ ਗੌਰਵ
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ – 141 002

HOTEL AROMA COMPLEX
HOTEL AROMA COMPLEX
Himalaya Marg, Sector 22-C, Chandigarh 160 022
Phone : 700045-48 Fax : 0172-700051

SINGH Cycle & Auto Industries
Phone : 773884 (S)
740595 (R)
Auth. Dealers : Exide Batteries, Pennziol Lubricants, Mico Bosch,
Ceat & Good Year Tyres, Scooters, Motor Cycles, Car Parts etc.
Lucas TVS
PENNZOIL EXIDE MICO CEAT
Shop No. 36, Sector 15-D, Chandigarh

# ਕੈਸਟ ਸਮੀਖਿਆ

ਕੈਸਟ ਦਾ ਨਾਂ : ਖ਼ਾਲਸਾ ਮੇਰੋ ਰੂਪ ਹੈ ਖ਼ਾਸ — ਗਾਇਕਾ : ਨਿਵੇਦਿਤਾ ਸਿੰਘ
ਕੰਪਨੀ : ਰਿਆਜ਼ ਕੈਸਟ — ਸੰਚਾਲਨ : ਭੀਮ ਇੰਦਰ

ਖ਼ਾਲਸਾ ਪੰਥ ਦੇ ਤਿੰਨ ਸੌ ਸਾਲਾ ਸਾਜਨਾ ਦਿਵਸ ਨੂੰ ਸਮਰਪਿਤ ਕੈਸਟ "ਖਾਲਸਾ ਮੇਰੋ ਰੂਪ ਹੈ ਖ਼ਾਸ" ਭੀਮਇੰਦਰ ਅਤੇ ਰਿਆਜ਼ ਕੈਸਟ ਦੀ ਪਲੇਠੀ ਪੇਸ਼ਕਾਰੀ ਹੈ। ਇਸ ਕੈਸਟ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਗਾਇਨ ਨਿਵੇਦਿਤਾ ਸਿੰਘ ਨੇ ਕੀਤਾ ਹੈ। ਸਮੁੱਚਾ ਗਾਇਨ ਬੜੀ ਸੁਚੱਜਤਾ ਅਤੇ ਕਲਾਤਮਕਤਾ ਭਰਪੂਰ ਹੈ। ਬਾਣੀ ਵਿਚ ਸਮਾਇਆ ਹੋਇਆ ਵੀਰ ਰਸ ਅਤੇ ਗੁਰੂ ਸਾਹਿਬ ਦੀ ਲਾਸਾਨੀ ਵਿਅਕਤਿਤਵ ਵਿਚਲੀ ਨਿਸ਼ੰਗਤਾ ਇਸ ਕੈਸਟ ਰਾਹੀਂ ਪੂਰਨ ਰੂਪ ਵਿੱਚ ਉਜਾਗਰ ਹੋਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਸੰਸਕ੍ਰਿਤ, ਫ਼ਾਰਸੀ ਅਤੇ ਬ੍ਰਜ ਭਾਸ਼ਾ ਦਾ ਪ੍ਰਯੋਗ ਹੋਣ ਕਾਰਨ ਇਸ ਦਾ ਗਾਇਨ ਕਠਿਨ ਹੈ ਪਰ ਨਿਵੇਦਿਤਾ ਸਿੰਘ ਨੇ ਬੜੀ ਪੁਖਤਾ ਅਤੇ ਸੁਰੀਲੀ ਆਵਾਜ਼ ਵਿਚ ਬੜੀ ਸਹਿਜਤਾ ਨਾਲ ਇਸ ਬਾਣੀ ਦਾ ਗਾਇਨ ਕੀਤਾ। ਬਾਣੀ ਦੇ ਉਚਾਰਣ ਵਿਚ ਬਹੁਤ ਸਪੱਸ਼ਟਤਾ ਹੈ ਜੋ ਕਿ ਸ਼ਬਦਾਂ ਦੇ ਸਮੁੱਚੇ ਭਾਵ ਨੂੰ ਉਜਾਗਰ ਕਰਨ ਵਿਚ ਬਹੁਤ ਸਹਾਈ ਹੋਈ ਹੈ।

ਸ਼ਬਦ ਦੀ ਚੋਣ ਅਤੇ ਧੁਨਾਂ ਦੀ ਬਣਤਰ ਬਹੁਤ ਸੁਚੱਜਤਾ ਅਤੇ ਸੁਹਜ ਭਰਪੂਰ ਹੈ। ਆਰੰਭਕ ਸ਼ਬਦ 'ਦੇਹ ਸ਼ਿਵਾ ਵਰ ਮੋਹਿ' ਦੀ ਧੁੰਨ ਵਿਲੱਖਣ ਹੈ ਜਿਸ ਨੇ ਸ਼ਬਦ ਦੀ ਭਾਵਨਾ ਨੂੰ ਪੂਰੀ ਤਰ੍ਹਾਂ ਉਘਾੜਿਆ ਹੈ। 'ਕਹਿਉ ਪ੍ਰਭੂ ਸੁ ਭਾਖਿ ਹੌਂ' ਦੀ ਧੁਨ ਗੁਰੂ ਸਾਹਿਬ ਦੀ ਵਿਚਾਰਧਾਰਾ ਵਿਚਲੀ ਨਿਸ਼ੰਗਤਾ ਅਤੇ ਸਵੈ-ਵਿਸ਼ਵਾਸ ਨੂੰ ਦਰਸਾਉਂਦੀ ਹੈ। 'ਜੈ ਤੇਗੰ' ਦੇ ਸੰਸਕ੍ਰਿਤ ਪ੍ਰਧਾਨ ਕਠਿਨ ਕਾਵਿ ਦਾ ਉਚਾਰਨ ਨਿਵੇਦਿਤਾ ਨੇ ਬਾਖ਼ੂਬੀ ਕੀਤਾ ਹੈ ਅਤੇ ਇਸ ਨੂੰ ਵੀਰ ਰਸ ਪ੍ਰਧਾਨ ਧੁਨ ਵਿਚ ਬੰਨ੍ਹਿਆ ਗਿਆ ਹੈ। ਖਾਲਸੇ ਦੀ ਮਹਿਮਾ ਵਿਚ ਉਚਾਰੇ ਗਏ ਤਿੰਨ ਸ਼ਬਦ 'ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ', 'ਖ਼ਾਲਸਾ ਮੇਰੋ ਰੂਪ ਹੈ ਖਾਸ' ਅਤੇ 'ਮੋਹਿ ਸੇ ਰੰਕ ਅਨਾਥ ਜਗ', ਦਾ ਗਾਇਨ ਬੜੇ ਹੀ ਭਾਵਪੂਰਨ ਰੂਪ ਵਿਚ ਕੀਤਾ ਗਿਆ ਹੈ।

ਇਸ ਕੈਸਟ ਦਾ ਸੰਗੀਤ ਸ: ਅਲੰਕਾਰ ਸਿੰਘ ਨੇ ਤਿਆਰ ਕੀਤਾ ਹੈ। ਤਬਲਾ ਅਤੇ ਸਾਰੰਗੀ ਦੀ ਵਰਤੋਂ ਬੜੇ ਸੁਚੱਜੇ ਭਾਵ ਨੂੰ ਰੂਪਮਾਨ ਕਰਦੀ ਹੈ। ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵਿਚ ਅਧਿਆਪਨ ਦਾ ਕਾਰਜ ਕਰ ਰਹੀ ਨਿਵੇਦਿਤਾ ਸਿੰਘ ਪੰਜਾਬੀ ਦੀ ਇਕ ਜਾਣੀ ਪਛਾਣੀ ਸ਼ਾਸਤਰੀ ਸੰਗੀਤ ਗਾਇਕਾ ਹੈ। ਉਸ ਨੂੰ ਗੁਰਬਾਣੀ ਗਾਉਣ ਦੀ ਤਾਲੀਮ ਅਪਣੇ ਉਸਤਾਦ ਸਵ: ਪ੍ਰੋ ਤਾਰਾ ਸਿੰਘ ਜੀ ਤੋਂ ਮਿਲੀ। ਨਿਸ਼ਚੇ ਹੀ ਕੈਸਿਟ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੇ ਗਾਇਨ ਦੇ ਸੰਦਰਭ ਵਿਚ ਇਕ ਮੀਲ ਪੱਥਰ ਸਾਬਤ ਹੋਵੇਗੀ। ਰਿਆਜ਼ ਕੈਸਟ ਦੇ ਸੰਚਾਲਕ ਭੀਮਇੰਦਰ ਤੋਂ, ਭਵਿੱਖ ਵਿਚ ਵੀ ਅਜਿਹੀਆਂ ਹੀ ਕਲਾਤਮਕ, ਸ਼ੁੱਧ ਅਤੇ ਸਵੱਛ ਸੰਗੀਤ ਨਾਲ ਭਰਪੂਰ ਹੋਰ ਕੈਸਟਾਂ ਦੀ ਆਸ ਕੀਤੀ ਜਾ ਸਕਦੀ ਹੈ। ■

*ਸਮੀਖਿਆਕਾਰ–ਦਰਸ਼ਨ ਸਿੰਘ ਖੋਖਰ*


**ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ**

**ਗੁਰਸਿੱਖ ਸੰਜੋਗ**

(ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ-110 060
ਫੋਨ: 5735955

PREMCO

*With compliments from*

*Trilochan Singh Bhasin*

**PREMCO**
SALES & SERVICE PVT. LTD.

204/3, Prem Gali, Punja Sharif,
Kashmere Gate, Delhi - 110 006
Phone : 2922210, 2916334
Telefax : 011-2922211

# SINGING IN PRAISE OF THE LORD

**Devi Singh Naruka**

*Sama* or *Qawwali* has played an important role in the *Sufism.* The word *Qawwali* has been derived from the Arabic word *Quaol* which means *Bol* or praise of God and dictums of his great prophets, saints and other holy persons.

Though singing and dancing is not considered good in Islam, when *Sufism* came to India, it was considerably in fluenced by the religious ways of this country.

The *Qawwali* in the present form was first introduced during the times of Khawaza Moinuddin Chisti (1142-1233 AD) at Ajmer. It became popular during the period of Hazrat Amir Khusro (1253-1325 AD). He was a great *Sufi* poet and composed poems in Persian, Urdu and Hindi languages. He was the most beloved *Mureed* or disciple of Hazrat Nizamuddin Aulia and held important positions in the courts of several Sultans of Delhi.

The sight of religious *Mehfil - e - sama* or *Qawwali* in the *Dargah* of Khwaza Moinuddin Chisti is unique. The main religious *Qawwali mehfils* are held in the *Mehfil khana* of the *Dargah* during the *Urs.* During six days of the *Urs,* the *Mehfils* are presided by the *Dargah Deewan,* the descendant of Khawaza Moinuddin. He sits in front of the *Mehfil khana* in saintly robe and turban on his head. He sits under the canopy which stands with the help of silver sticks. A *Chobdaar* with a silver stick, stands before him in traditional robes.

In the beginning of the *Qawwli mehfil,* the *Fatha* is read out and then the *Mehfil* begins. At the beginning, *Qawwals* sing in praise of God Almighty, then in the praise of Prophet Mohammed, the *Sufi* saints, and then the *Qawwali* starts.

According to *Sufism,* the devotee is the lover and God is the beloved. The *Qawwals* narrate the state of separation between the lover and the beloved. The lover wants to meet the beloved and implores the beloved to see him just once. Even a kind look of the beloved will fulfil the desire of the devotee. As per directions of the *Deewan,* one after another *Qawwali* patry sits before him and the audience, starts singing and as soon as the signal is received, they finish their programme. When the *Qawwali mehfils* are going on and a devotee wants to pay something to the *Qawwal,* he does not give directly to him. The procedure is that the money is offered to the *Deewan,* who presides over the *Mehfil* directly or through some elderly person. That money is given immediately to *Chobdaar* and he gives it to the *Qawwal.* The heads of the religious *Qawwali mehfil* audience are covered and people are expected to observe the *Adaab* or decorum of the *Mehfil.*

Hazrat Ali Hujwari in his book

*Kashf - ul - mahjoob* writes: In the first instance, a *Sufi* must try to avoid *Sama* or *Qawwali* if he can. But if he can not, then he must limit it's frequency in order to preserve it's charm and usefulness. A peer or senior *Sufi* must preside over all *Sama* concerts which must be held in a quiet and secluded surrounding. Common folk, women and boys in their teens must not be admitted to a *Sama mehfil*. During the *Sama mehfil* the listeners' hearts must be free of all wordly worries. In the state of *Wizad* a *Sufi* must never subdue or resist his inner urge but try to control as gracefully as possible. Tearing of clothes in the state of *Wazad* is against the etiquette of *Sama*. He must not pass his opinion on the quality of music.

Hazrat Khwaaza Kutubuddin Bakhtiar Kaki of Delhi was very much found of *Sama* or *Qawwali*. In the year 1237 AD when he was in *Qawwli mehfil* in the *Dargah* of Sheikh Ali Sijistani at Delhi, *Wazad* came into him. At this time the *Qawwali* party was singing the following Persian couplet of Sheikh Ahmed Jam's famous *Qasseeda:*

*" Khushtagaan-e-khanjar-e-tasleem raa.*

*Har zamaan azz gheb jaan-e-deegar ast. "*

(For the victims of the sword of divine love, there is a new life every moment from the unseen.)

Hazrat Khwaaja Qutubuddin remained in the state of *Wazad* for three days and nights continuously. The *Qawwals* repeated the above couplet during this period except the prayer times. On the fourth day the saint died in the same state. Therefore, he is also called *Shaheed-e- Mohabbat* because he sacrificed himself in the love of God.

A similar incident took place in the year 1902 AD. A great *Sufi* Maulana Mohammed Hussain of Allahabad, died in the state of *Wazad* in the *Dargaah* of Khwaza Moinuddin Chishti at Ajmer. On this occasion the *Qawwali* party was singing the following Persion couplet:

*" Guft quddusi faqir-e-dar fana-o-baga,*

*Khud-ba- khud azad budi khud giraftaar aamdi."*

The humble *Darvesh* Quddasi says that in the cycle of life and death, the soul confines itself to human body at the time of birth by its own free will, and then liberates itself from the human body at the time of death by its own free will, i.e. one is neither born nor dies of one's own free will.

I have personally seen in the *Urs* fair of Ajmer in the year 1985, when the *Qawwali mehfil* was in full swing the *Wazd* ecstasy overpowered a devotee of Hyderabad, Mohammed Abdul Qayyuum. He stood up and went on circling. There were tears of joy in his eyes. At that time the *Qawwali* party was singing in Persion:

*" Aarzoo Daram ch mehmanat kunam,*

*Jano-e-dil-e-dost kurbanat kunam."*

(Oh Lord, I beseech you to be my guest because I want to sacrifice my life and heart on you.)

Whenever a devotee becomes in the state of *Wazd* at that time the whole *mehfil* stands up. The party repeats the words of a particular couplet which brought the devotee in ecstasy. After sometime the devotee is pacified and the *mehfil* continues.

Hazarat Baba Fariduddin Ganj Shakar has Said: Without doubt, *Sama* is the way of divine lovers, who feel enjoyment when there is a mention of their beloved God." ■

*( Courtesy: The Tribune )*


S. Joginder Singh Rekhi

r

REBROS MARKETING SERVICES
38, NEW MARKET
WEST PATEL NAGAR
NEW DELHI - 110 008
PH : 5731317 FAX : 5764594

Galbir Singh Sahni

With compliments from

Roseleen

Roseleen International
39/34, 1st. Floor, Old Rajinder Nagar,
New Delhi 110 160 ( India )
Phone : 011-5752584, 011-5788869
Fax : 011-5752804

Roseleen Farm
F-3, Puspanjali, Opp. Centaur Hotel Bijwasan,
New Delhi 110 061
Phone(Resi.) : 5563159, 5564681,5564615
Hand Phone : 98 - 110 -27527
Pager Phone : 7417845 - 46 - 47 Pager No : 303

ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

ਸਿੱਖ ਲੀਗ

(ਪੰਦਰਵਾੜਾ)
2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ - 8
ਫੋਨ : 5707096

THE SIKH REVIEW
(A Monthly Magazine)
116, Karnani Mansion
25-A, Park Street, Calcutta

*STATE OF ART HEARING AIDS*

*AVAILABLE IN ALL MODELS*

**BONE CONDUCTION SPECTACLE**

**AIR CONDUCTION SPECTACLE**

**IN THE CANAL**

**BEHIND THE EAR**

**POCKET MODEL**

**AND**

***MANY MORE ATTRACTIVE MODELS***

visit

**Dr. PREETI AHUJA**

*Sounds*

**THE HEARING AID PEOPLE**

C-353, DEFENCE COLONY

NEW DELHI 110 024

PHONE : 011 - 4620485

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਤਿਲੰਗ ਮਹਲਾ ੯ ਕਾਫੀ | Tillang 9th. Guru KAFI | ਤਿਲੰਗ ਨੌਂਵੀ ਪਾਤਿਸ਼ਾਹੀ ਕਾਫੀ |
|---|---|---|
| | There is but One God. By True Guru's grace, is He obtained. | ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥ | O mortal, if thou hast any understanding, then remember thou Thy Lord night and day. | ਹੇ ਫ਼ਾਨੀ ਬੰਦੇ! ਜੇਕਰ ਤੈਨੂੰ ਕੋਈ ਸਮਝ ਹੈ, ਤਦ ਤੂੰ ਰੈਣ ਦਿਹੁੰ ਸਾਹਿਬ ਦਾ ਸਿਮਰਨ ਕਰ। |
| ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੇ ਘਟ ਜਿਉ ਪਾਨੀ ॥੧॥ ਰਹਾਉ॥ | Every moment life is passing away like the water from the cracked pitcher. Pause. | ਤਿੜਕੇ ਹੋਏ ਘੜੇ ਵਿਚੋਂ ਪਾਣੀ ਦੀ ਮਾਨੰਦ ਹਰ ਮੁਹਤ ਉਮਰ ਬੀਤਦੀ ਜਾ ਰਹੀ ਹੈ। ਠਹਿਰਾਉ। |
| ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥ | Why singest thou not the praises of God, O ignorant fool? | ਤੂੰ ਕਿਉਂ ਵਾਹਿਗੁਰੂ ਦੀਆਂ ਸਿਫਤ ਸ਼ਲਾਘਾ ਗਾਇਨ ਨਹੀਂ ਕਰਦਾ, ਹੇ ਬੇਸਮਝ ਬੇਵਕੂਫ। |
| ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥੧॥ | Attached to false avarice, thou thinkest not of death. | ਕੂੜੇ ਲੋਭ ਨਾਲ ਚਿਮੜ ਕੇ ਤੂੰ ਮੌਤ ਨੂੰ ਚੇਤੇ ਨਹੀਂ ਕਰਦਾ। |
| ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥ | No harm has yet been done, if thou even now singest Lord's praise. | ਅਜੇ ਭੀ ਕੁਝ ਵਿਗੜਿਆ ਨਹੀਂ, ਜੇ ਕਰ ਤੂੰ ਹੁਣ ਭੀ ਸੁਆਮੀ ਦਾ ਜੱਸ ਗਾਇਨ ਕਰਨ ਲਗ ਜਾਵੇਂ। |
| ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥੨॥੧॥ | Says Nanak, by meditating on Him, thou shalt obtain the fearless diginity. | ਗੁਰੂ ਜੀ ਫੁਰਮਾਉਂਦੇ ਹਨ, ਉਸ ਦਾ ਸਿਮਰਨ ਕਰਨ ਦੁਆਰਾ ਤੂੰ ਭੈ-ਰਹਿਤ ਮਰਤਬੇ ਨੂੰ ਪਾ ਲਵੇਂਗਾ। |

● ● ●

| ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੧੦ ਕਾਫੀ | Rag Suhi 5th. Guru Ashtpadis (Kafi) | ਰਾਗ ਸੂਹੀ ਪੰਜਵੀਂ ਪਾਤਿਸ਼ਾਹੀ ਅਸਟਪਦੀਆਂ (ਕਾਫੀ) |
|---|---|---|
| | There is but One God. By True Guru's grace, He is obtained. | ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਜੇ ਭੁਲੀ ਜੇ ਚੁਕੀ ਸਾਈਂ ਭੀ ਤਹਿੰਜੀ ਕਾਢੀਆ॥ | If I have strayed, if I have erred even then I am called Thine bride, O lord. | ਜੇ ਕਰ ਮੈਂ ਘੁਸ ਗਈ ਹਾਂ, ਜੇਕਰ ਮੈ ਉਕ ਗਈ ਹਾਂ, ਤਾਂ ਭੀ ਮੈਂ ਤੇਰੀ ਪਤਨੀ ਹੀ ਆਖੀ ਜਾਂਦੀ ਹਾਂ, ਹੇ ਸੁਆਮੀ! |
| ਜਿਨਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ॥੧॥ | The discarded ones, who enshrine love for another; die they repenting. | ਉਹ ਛੁਟੜਾਂ, ਜੋ ਹੋਰਸ ਨੂੰ ਪਿਆਰ ਕਰਦੀਆਂ ਹਨ। ਉਹ ਪਸਚਾਤਾਪ ਕਰਦੀਆਂ ਮਰ ਜਾਂਦੀਆਂ ਹਨ। |
| ਹਉ ਨ ਛੋਡਉ ਕੰਤ ਪਾਸਰਾ॥ | I shall leave not my spouse's side. | ਮੈਂ ਆਪਣੇ ਪਤੀ ਦਾ ਪਾਸਾ ਨਹੀਂ ਛੱਡਾਂਗੀ।! |
| ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਰਾ॥੧॥ ਰਹਾਉ | Ever beauteous is my sweet Love. This alone is my mainstay. Pause. | ਹਮੇਸ਼ਾਂ ਹੀ ਬਾਂਕਾਰੇ ਮੇਰਾ ਮਿਠੜਾ ਪ੍ਰੀਤਮ। ਕੇਵਲ ਇਹ ਹੀ ਮੇਰੀ ਓਟ ਹੈ ਠਹਿਰਾਉ॥ |

| | | |
|---|---|---|
| ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ॥ | Thou art my Friend, Thou the kinsman and on Thee I take great pride, O Lord. | ਤੂੰ ਮੇਰਾ ਮਿੱਤਰ ਹੈਂ, ਤੂ ਹੀ ਸਨਬੰਧੀ ਅਤੇ ਤੇਰੇ ਉਤੇ ਮੈਂ ਬੜਾ ਫ਼ਖਰ ਕਰਦੀ ਹਾਂ, ਹੇ ਮੇਰੇ ਸਿਰ ਦੇ ਸਾਂਈਂ! |
| ਜਾ ਤੂ ਅੰਦਰਿ ਤਾਂ ਸੁਖੇ ਤੂ ਨਿਮਾਣੀ ਮਾਣੀਆ॥੨॥ | When Thou abidest within me, then am I at peace. Of me, the dishonoured one, Thou O my Groom, art the honour. | ਜਦ ਤੂੰ ਮੇਰੇ ਅੰਦਰ ਵਸਦਾ ਹੈ, ਤਦ ਮੈਂ ਆਰਾਮ ਵਿਚ ਹੁੰਦੀ ਹਾਂ। ਮੈ ਬੇਇਜ਼ਤ ਦੀ ਤੂੰ ਹੇ ਮੇਰੇ ਕੰਤ ਇਜ਼ਤ ਆਬਰੂ ਹੈਂ। |
| ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥ | If Thou art merciful to me, O Lord, the Treasure of compassion, then make me not see another. | ਹੇ ਰਹਿਮਤ ਦੇ ਖਜ਼ਾਨੇ ਸੁਆਮੀ। ਜੇਕਰ ਤੂੰ ਮੇਰੇ ਉਤੇ ਕਿਰਪਾਲ ਥੀ ਗਿਆ ਹੈ ਤਦ ਤੂੰ ਮੈਨੂੰ ਹੋਰ ਕਿਸੇ ਨੂੰ ਦੇਖਣ ਨਾ ਦੇ। |
| ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ॥੩॥ | May I be blessed with this boon, that I may ever remember Thee in my mind. | ਮੈਨੂੰ ਇਹ ਦਾਤ ਪਰਦਾਨ ਕਰ ਕਿ ਮੈ ਸਦਾ ਹੀ ਤੈਨੂੰ ਆਪਣੇ ਰਿਦੇ ਵਿਚ ਯਾਦ ਕਰਦਾ ਰਹਾਂ। |
| ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ॥ | My Master, make my feet tread Thine way and mine eyes see Thy sight. | ਮੇਰੇ ਮਾਲਕ ਮੇਰੇ ਪੈਰਾਂ ਨੂੰ ਆਪਣੇ ਰਾਹੇ ਟੋਰ ਅਤੇ ਮੇਰੀਆਂ ਅੱਖਾਂ ਨੂੰ ਆਪਣਾ ਦਰਸ਼ਨ ਵਿਖਾਲ। |
| ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ॥੪॥ | If the Guru, becomes merciful to me, I would with mine ears hear Thine stories, O lord. | ਜੇ ਕਰ ਗੁਰੂ ਜੀ ਮੇਰੇ ਉਤੇ ਮਿਹਰਬਾਨ ਹੋ ਜਾਣ ਤਾਂ ਆਪਣਿਆਂ ਕੰਨਾਂ ਨਾਲ ਤੇਰੀਆਂ ਸਾਖੀਆਂ ਸੁਣਾਗਾਂ, ਹੇ ਸਾਂਈਂ। |
| ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ॥ | Many lacs and millions of pious persons, O my Beloved, equal not even an hair of Thine. | ਘਨੇਰੇ ਲੱਖਾਂ ਅਤੇ ਕ੍ਰੋੜਾਂ ਪਵਿੱਤਰ ਪੁਰਸ਼, ਹੇ ਮੇਰੇ ਪ੍ਰੀਤਮ! ਤੇਰੇ ਇਕ ਵਾਲ ਨੂੰ ਭੀ ਨਹੀਂ ਅੱਪੜਦੇ। |
| ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ॥੫॥ | Thou art the King of kings. I can say not Thine excellences. | ਤੂੰ ਪਾਤਸ਼ਾਹਾਂ ਦਾ ਪਾਤਸ਼ਾਹ ਹੈਂ। ਮੈਂ ਤੇਰੀਆਂ ਉਤਕ੍ਰਿਸ਼ਟਤਾਈਆਂ ਆਖ ਨਹੀਂ ਸਕਦਾ। |
| ਸਹੀਆ ਤਊ ਅਸੰਖ ਮੰਞਹੁ ਹਭਿ ਵਧਾਣੀਆ। | O Lord, countless are Thine brides, all greater than me. | ਹੇ ਸੁਆਮੀ! ਅਣਗਿਣਤ ਹਨ ਤੇਰੀਆਂ ਪਤਨੀਆਂ ਉਹ ਸਾਰੀਆਂ ਮੇਰੇ ਨਾਲੋਂ ਵਧ ਚੜ੍ਹ ਕੇ ਹਨ। |
| ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ॥੬॥ | O my Spouse, look Thou with grace on me even for an instant and bless me with Thine vision, that I may revel in Thy love. | ਹੇ ਮੇਰੇ ਕੰਤ! ਤੂੰ ਇਕ ਮੁਹਤ ਭਰ ਲਈ ਹੀ ਮੈਨੂੰ ਮਿਹਰ ਨਾਲ ਵੇਖ ਅਤੇ ਮੈਨੂੰ ਆਪਣਾ ਦਰਸ਼ਨ ਬਖ਼ਸ਼ ਤਾਂ ਜੋ ਮੈਂ ਤੇਰੇ ਪ੍ਰੇਮ ਦਾ ਅਨੰਦ ਲਵਾਂ। |
| ਜੈ ਡਿਠੇ ਮਨੁ ਧੀਰੀਐ ਕਿਲਵਿਖ ਵੰਞਨਿ ਦੂਰੇ॥ ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ॥੭॥ | Seeing whom my soul is comforted and sins flee away, why should I forget Him, O my mother, who is fully pervading all. | ਜਿਸ ਨੂੰ ਵੇਖਣ ਦੁਆਰਾ ਮੇਰੀ ਆਤਮਾ ਧੀਰਜ ਫੜ ਲੈਂਦੀ ਹੈ ਅਤੇ ਪਾਪ ਦੂਰ ਦੌੜ ਜਾਂਦੇ ਹਨ, ਮੈਂ ਉਸ ਨੂੰ ਕਿਉਂ ਭੁਲਾਵਾਂ, ਹੇ ਮੇਰੇ ਮਾਤਾ! ਜੋ ਸਾਰੇ ਪਰੀਪੂਰਨ ਹੋ ਰਿਹਾ ਹੈ? |
| ਹੋਇ ਨਿਮਾਣੀ ਢਹਿ ਪਈ | Becoming utterly humble I | ਪਰਮ ਆਜਿਜ਼ ਹੋ ਮੈਂ ਉਸ ਦੇ ਬੂਹੇ |

ਮਿਲਿਆ ਸਹਿਜ ਸੁਭਾਇ॥

dropped down at His door and He met me all spontaneously.

ਡਿਗ ਪਈ ਅਤੇ ਉਹ ਆਪਣੇ ਆਪ ਹੀ ਮੈਨੂੰ ਆ ਮਿਲਿਆ।

ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ॥੮॥੧॥੪॥

By the saint's assistance, Nanak has obtained what was pre-destined for him.

ਸਾਧੂਆਂ ਦੀ ਸਹਾਇਤਾ ਦੁਆਰਾ ਨਾਨਕ ਨੇ ਉਹ ਕੁਛ ਪਰਾਪਤ ਕਰ ਲਿਆ ਹੈ, ਜੋ ਉਸ ਦੇ ਲਈ ਮੁਢ ਤੋਂ ਲਿਖਿਆ ਹੋਇਆ ਸੀ।

## ਕੀਰਤਨ ਦੇ ਲੇਖੇ ਜ਼ਿੰਦਗੀ ਲਾਉਣ ਵਾਲੇ ਪ੍ਰੋ. ਚਤਰ ਸਿੰਘ

ਲੁਧਿਆਣਾ: 70 ਸਾਲ ਤੱਕ ਗੁਰਬਾਣੀ, ਸੰਗੀਤ ਅਤੇ ਕੀਰਤਨ ਦੀ ਸੇਵਾ ਕਰਨ ਉਪਰੰਤ 90 ਵਰ੍ਹੇ ਦੀ ਆਯੂ ਭੋਗ ਕੇ ਪ੍ਰਸਿੱਧ ਰਾਗੀ ਪ੍ਰੋ. ਚਤਰ ਸਿੰਘ ਕਾਕਾ ਲਾਹੌਰ ਵਾਲੇ 22 ਅਪ੍ਰੈਲ ਨੂੰ ਇਸ ਸੰਸਾਰ ਨੂੰ ਅਲਵਿਦਾ ਆਖ ਗਏ ਹਨ।

ਮਹਾਨ ਕੀਰਤਨੀਏ ਪ੍ਰੋ. ਚਤਰ ਸਿੰਘ ਕਾਕਾ ਨੂੰ ਤੰਤੀ ਸਾਜ ਖੁਦ ਬਜਾ ਕੇ ਕੀਰਤਨ ਗਾਇਨ ਕਰ ਕੇ ਕੀਰਤਨ ਸ਼ੈਲੀ ਵਿਚ ਨਵੀਂ ਪਿਰਤ ਪਾਉਣ ਦਾ ਮਾਣ ਪ੍ਰਾਪਤ ਹੈ। ਆਪ ਨੇ ਸੰਗੀਤ ਵਿਦਿਆ ਆਪਣੇ ਚਾਚਾ ਸ੍ਰੀ ਕ੍ਰਿਸ਼ਨ ਸਿੰਘ (ਸੰਗੀਤ ਅਚਾਰੀਆ) ਤੋਂ ਪ੍ਰਾਪਤ ਕੀਤੀ ਅਤੇ 1928 ਵਿਚ ਆਪਣੇ ਵੱਡੇ ਭਰਾਵਾਂ ਨੂੰ ਨਾਲ ਮਿਲ ਕੇ ਕੀਰਤਨੀ ਜਥਾ ਬਣਾਇਆ। ਗੁਰਮਤਿ ਵਲੋਂ ਪ੍ਰਮਾਣਤ ਸਾਜਾਂ-ਰਬਾਬ, ਸਾਰੰਦਾ, ਦਿਲਰੁਬਾ, ਤਾਊਸ ਆਦਿ ਵਜਾ ਕੇ ਗੁਰਬਾਣੀ ਜਸ ਆਰੰਭਿਆ। ਗੁਰਦੁਆਰਾ ਦੁਖ ਨਿਵਾਰਨ ਪਟਿਆਲਾ ਦੀ ਸਥਾਪਨਾ ਦੀ ਮੌਕੇ ਮਹਾਰਾਜਾ ਭੁਪਿੰਦਰ ਸਿੰਘ ਨੇ ਆਪ ਨੂੰ ਲਾਹੌਰ ਤੋਂ ਉਚੇਚੇ ਤੌਰ ਉਤੇ ਕੀਰਤਨ ਕਰਨ ਲਈ ਪਟਿਆਲੇ ਬੁਲਾਇਆ ਸੀ। ਜਦੋਂ ਬੰਗਾਲ ਵਿਚ ਕਾਲ ਪਿਆ ਤਾਂ ਪ੍ਰਸਿੱਧ ਅਦਾਕਾਰ ਪ੍ਰਿਥਵੀ ਰਾਜ ਕਪੂਰ ਨਾਲ ਸਾਜ਼ ਵਜਾਉਣ ਦੀ ਸੰਗਤ ਕੀਤੀ।

ਪ੍ਰੋ. ਚਤਰ ਸਿੰਘ ਵਲੋਂ ਮੋਢੀ ਕੀਰਤਨੀਏ ਜੋ ਤਿਆਰ ਕੀਤੀਆਂ ਕੀਰਤਨ ਦੀਆਂ ਧੁਨੀਆਂ ਜਿਨ੍ਹਾਂ ਵਿਚ ਆਸਾ ਦੀ ਵਾਰ, ਟੁੰਡੇ ਅਸਰਾਜੇ ਦੀ ਧੁਨੀ, ਸੋਰਠਿ ਰਾਗ ਵਿਚ "ਭਿੰਨੀ ਰੈਨੜੀਏ ਚਾਮਕਣ ਤਾਰੇ", ਮਲ੍ਹਾਰ ਵਿਚ "ਮੋ ਕੋ ਤੂੰ ਨਾ ਬਿਸਾਰ", ਦੇਵ ਗੰਧਾਰੀ ਵਿਚ "ਜੇ ਤੂੰ ਮਿੱਤਰ ਅਸਾਡੜਾ" ਅੱਜ ਤੱਕ ਬਦਲੀਆਂ ਨਹੀਂ ਗਈਆਂ ਅਤੇ ਜਿਉਂ ਦੀਆਂ ਤਿਉਂ ਚੱਲ ਰਹੀਆਂ ਹਨ।

ਦੇਸ਼ ਵੰਡ ਸਮੇਂ ਆਪ ਆਪਣੇ ਜਥੇ ਅਤੇ ਪਰਿਵਾਰ ਸਮੇਤ ਪਟਿਆਲਾ ਵਿਖੇ ਸ਼ਰਨਾਰਥੀ ਕੈਂਪ ਵਿਚ ਵਸੇਵਾ ਕੀਤਾ। ਮਹਾਰਾਜਾ ਪਟਿਆਲਾ ਨੇ ਉਨ੍ਹਾਂ ਨੂੰ ਮੁੜ ਪੱਕੇ ਤੌਰ ਉਤੇ ਕੀਰਤਨ ਦੀ ਸੇਵਾ ਸੰਭਾਲ ਕੇ ਉਨ੍ਹਾਂ ਨੂੰ ਇਸ ਸ਼ਹਿਰ ਦੇ ਬਾਸ਼ਿੰਦੇ ਬਣਾ ਦਿੱਤਾ। ਉਨ੍ਹਾਂ ਨੂੰ ਜ਼ਿੰਦਗੀ ਭੋਗਦਿਆਂ ਅਨੇਕਾਂ ਮਾਣ-ਸਨਮਾਣ ਮਿਲੇ। ਪਰ ਉਨ੍ਹਾਂ ਨੂੰ ਉਦੋਂ ਵੱਡਾ ਮਾਣ ਮਹਿਸੂਸ ਹੋਇਆ ਜਦੋਂ ਸੰਤ ਬਾਬਾ ਸੁੱਚਾ ਸਿੰਘ ਜਵੱਦੀ ਵਾਲਿਆਂ ਪਿਛਲੇ ਸਾਲ ਪੰਥ ਰਤਨ ਰਾਗੀ ਵਜੋਂ ਮੰਜੇ ਪਿਆਂ ਨੂੰ ਜਵੱਦੀ ਬੁਲਾ ਕੇ ਸਨਮਾਨ ਦਿੱਤਾ।

*ਸਤਿਬੀਰ ਸਿੰਘ /ਪੰਜਾਬੀ ਟ੍ਰਿਬਿਊਨ ਵਿਚੋਂ ਧੰਨਵਾਦ ਸਹਿਤ*

## ਨੱਬੇ ਸਾਲਾ ਬਜ਼ੁਰਗ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੱਥ ਲਿਖਤ ਬੀੜ ਤਿਆਰ ਕੀਤੀ

ਨੱਬੇ ਸਾਲਾ ਬਜ਼ੁਰਗ ਜੀ.ਐਸ. ਸੋਬਤੀ (ਅੰਮ੍ਰਿਤ ਕੀਰਤਨ ਟ੍ਰਸਟ ਦੇ ਟ੍ਰਸਟੀ) ਨੇ ਇਕ ਸਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਹੱਥੀ ਲਿਖ ਕੇ ਮੁਕੰਮਲ ਕੀਤਾ ਹੈ।

ਖਾਲਸੇ ਦੀ ਸਾਜਨਾ ਦੀ ਤ੍ਰੈਸ਼ਤਾਬਦੀ ਨੂੰ ਮੁੱਖ ਰੱਖ ਕੇ ਸ੍ਰੀ ਸੋਬਤੀ ਨੇ ਇਕ ਸਾਲ ਪਹਿਲਾਂ ਅਪ੍ਰੈਲ 1998 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੱਥੀਂ ਲਿਖਣ ਦਾ ਕੰਮ ਆਰੰਭ ਕੀਤਾ ਸੀ। ਇਹ ਲਿਖਤ ਸਾਫ ਤੇ ਸੁੰਦਰ ਹੈ ਤੇ ਹਰ ਇਕ ਵਿਅਕਤੀ ਆਸਾਨੀ ਨਾਲ ਇਸ 'ਤੇ ਪਾਠ ਕਰ ਸਕਦਾ ਹੈ। ਹੱਥ ਲਿਖਤ ਬੀੜ 'ਤੇ ਪਾਠ ਦੇ ਆਰੰਭ ਸਮੇਂ ਗੁਰਬਾਣੀ ਤੇ ਸਿੱਖ ਇਤਿਹਾਸ ਦੇ ਵਿਦਵਾਨ ਡਾ. ਮਾਨ ਸਿੰਘ ਨਿਰੰਕਾਰੀ ਮਿਸ਼ਨਰੀ, ਗਿਆਨੀ ਰਣਜੀਤ ਸਿੰਘ ਤੇ ਸ੍ਰੀ ਜੋਗਿੰਦਰ ਸਿੰਘ ਨੇ ਸ੍ਰੀ ਜੀ.ਐਸ. ਸੋਬਤੀ ਦੀ ਗੁਰਬਾਣੀ ਪ੍ਰਤੀ ਲਗਨ ਤੇ ਸਾਹਸ ਦੀ ਪ੍ਰਸੰਸਾ ਕੀਤੀ ਤੇ ਕਿਹਾ ਕਿ ਇਸ ਅਵਸਥਾ ਵਿਚ ਇਤਨੇ ਵੱਡੇ ਪ੍ਰਾਜੇਕਟ ਨੂੰ ਸਮੇਂ ਸਿਰ ਮੁਕੰਮਲ ਕਰਨਾ ਇਕ ਵੱਡੀ ਉਪਲਬਧੀ ਹੈ।

ਜਦੋਂ ਸ੍ਰੀ ਸੋਬਤੀ ਪਾਸੋਂ ਪੁੱਛਿਆ ਗਿਆ ਕਿ ਇਨ੍ਹਾਂ ਨੇ ਇਤਨੇ ਵੱਡੇ ਪ੍ਰਾਜੇਕਟ ਨੂੰ ਕਿਵੇਂ ਨੇਪਰੇ ਚਾੜ੍ਹਿਆ ਤਾਂ ਉਨ੍ਹਾਂ ਕਿਹਾ ਕਿ ਇਹ ਸਭ ਅਕਾਲ ਪੁਰਖ ਦੀ ਕਿਰਪਾ ਸਦਕਾ ਹੋਇਆ ਹੈ।

*-ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ*

## ਸੁਰ ਲਿਪੀਆਂ

### ਪ੍ਰੋ. ਤਾਰਾ ਸਿੰਘ

### ਰਾਗ ਤਿਲੰਗ ਕਾਫੀ

ਇਸ ਰਾਗ ਦੀ ਰਚਨਾ ਤਿਲੰਗ ਅਤੇ ਕਾਫੀ ਦੇ ਮਧੁਰ ਮਿਸ਼ਰਣ ਦੁਆਰਾ ਹੋਈ। ਇਸ ਰਾਗ ਦੇ ਸਮੁੱਚੇ ਚਲਨ ਵਿਚ ਇਨ੍ਹਾਂ ਦੋਹਾਂ ਰਾਗਾਂ ਦੀਆਂ ਨਾਦ ਲਹਿਰਾਂ ਭਿੰਨ ਭਿੰਨ ਕੰਨ ਗੋਚਰ ਹੁੰਦਿਆਂ ਹੋਇਆ ਵੀ ਪ੍ਰਭਾਵ ਇਕ ਉਤਪੰਨ ਕਰਦੀਆਂ ਹਨ, ਇਹੋ ਹੀ ਭਾਰਤੀ ਸੰਗੀਤ ਦੀ ਵਿਸ਼ੇਸ਼ਤਾ ਹੈ। ਮਿਸ਼ਰਣ ਦੀ ਇਹ ਪਰੰਪਰਾ ਪੁਰਾਤਨ ਸਮੇਂ ਤੋਂ ਹੀ ਚਲੀ ਆ ਰਹੀ ਹੈ। ਇਸ ਤੱਥ ਦੇ ਆਧਾਰ ਤੇ ਗੁਰੂ ਕਾਲ ਵਿਚ ਵੀ ਅਨੇਕ ਰਾਗ ਹੋਂਦ ਵਿਚ ਆਏ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਮਿਸ਼ਰਤ ਪ੍ਰਕਾਰਾਂ ਦੇ ਅਨੇਕ ਉਦਾਹਰਣ ਮੌਜੂਦ ਹਨ ਜਿਵੇਂ, ਗਉੜੀ ਮਾਲ, ਗਉੜੀ ਦੀਪਕੀ, ਸੂਹੀ ਲਲਿਤ, ਬਿਲਾਵਲ ਗੋਂਡ, ਮਾਰੂ ਕਾਫੀ, ਬਸੰਤ ਹਿੰਡੋਲ, ਬਿਭਾਸ ਪ੍ਰਭਾਤੀ, ਕਲਿਆਨ ਭੋਪਾਲੀ, ਆਦਿ। ਮੱਧ ਕਾਲੀਨ ਰਾਗ ਵਰਗੀਕਰਣ ਦੀ ਇਕ ਪ੍ਰਣਾਲੀ ਅਨੁਸਾਰ ਅਜਿਹੇ ਰਾਗਾਂ ਨੂੰ 'ਛਾਇਆ ਲਗ' ਸੰਗਿਆ ਦਿਤੀ ਜਾਂਦੀ ਹੈ।

ਇਸ ਰਾਗ ਦੀ ਰਚਨਾ ਥਾਟ-ਉਪਥਾਟ ਪੱਧਤੀ ਅਨੁਸਾਰ ਖਮਾਜ ਅਤੇ ਕਾਫੀ ਥਾਟ ਦੇ ਅੰਤਰਗਤ ਮੰਨੀ ਜਾਂਦੀ ਹੈ। ਇਸ ਰਾਗ ਵਿਚ ਦੋ ਗੰਧਾਰ, ਦੋ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸਦੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਸ਼ੁੱਧ। ਕੋਮਲ ਗੰਧਾਰ, ਧੈਵਤ ਅਤੇ ਰਿਸ਼ਭ ਦੇ ਪ੍ਰਯੋਗ ਦੁਆਰਾ ਇਹ ਤਿਲੰਗ ਰਾਗ ਨਾਲੋਂ ਨਿਰਾਲਾ ਹੋ ਜਾਂਦਾ ਹੈ। ਇਸ ਰਾਗ ਦਾ ਵਾਦੀ ਸੁਰ ਸ਼ੁੱਧ ਗੰਧਾਰ ਅਤੇ ਸੰਵਾਦੀ ਸ਼ੁੱਧ ਨਿਸ਼ਾਦ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ।

ਆਰੋਹ : ਸਾਗ, ਮਪ, ਨੀਸਾਂ

ਅਵਰੋਹ : ਸਾਂਨੁੀ ਧਪ, ਮਗ, ਮਗੁ ਰੇਸਾ

ਮੁੱਖ ਅੰਗ : ਨੁੀ ਪ ਗ ਮ ਗ, ਮ ਗੁ ਰੇਸਾ।

| ਰਾਗ ਤਿਲੰਗ ਕਾਫੀ | | | | | | | | | | | | | ਤਾਲ ਰੂਪਕ |
|---|---|---|---|---|---|---|---|---|---|---|---|---|---|
| x | | | 2 | | 3 | | x | | | 2 | | 3 | |
| ਸਥਾਈ | | | | | | | | | | | | | |
| ਸਾ | ਗ | ਗ | ਮ | - | ਪਮ | ਗਮ | ਗਮ | ਪੰਸਾ | ਨੀ | ਸਾਂ | - | ਨੁੀ | ਪ |
| ਚੇ | ਤ | ਨਾ | ਹੈ | s | ਤਉ | ss | ਚੇs | ss | ਤ | ਲੇ | s | ਨਿ | ਸਿ |
| ਧਪ | ਮਪ | ਧਪ | ਮਗੁ | ਮਗੁ | ਰੇ | ਸਾ | ਗਗ | ਮਮ | - | ਨੁੀਪ | ਮਪ | ਗ | ਮ |
| ਦਿs | ਨਿs | ਮੈs | ਪ੍ਰਾs | ss | ਨੀ | s | ਛਿਨੁ | ਛਿਨੁ | s | ਅਉs | ss | ਧ | ਬਿ |
| ਗਮ | ਪਸਾਂ | ਨੀ | ਸਾਂ | - | ਨੁੀ | ਪ | ਗ | ਮ | ਧਪ | ਮਗੁ | ਮਗੁ | ਰੇ | ਸਾ |
| ਹਾs | ss | ਤ | ਹੈ | s | ਫੂ | ਟੇ | ਘ | ਟ | ਜਿਉ | ਪਾs | ss | ਨੀ | ਸ |
| ਅੰਤਰਾ | | | | | | | | | | | | | |
| ਗਗ | ਗ | ਮ | ਨੁੀਪ | ਮਪ | ਗ | ਮ | ਗਮਪ | ਨੀਸਾਂ | ਨੀ | ਸਾਂ | - | - | ਸਾਂ |
| ਹਰਿ | ਗੁ | ਨ | ਕਾs | ss | ਹੇ | ਨ | ਗਾss | ss | ਵ | ਈ | s | s | ਮੂ |
| ਪਨੀ | ਸਾਂਗੁਂ | ਰੇਂਸਾਂ | ਸਾਂਰੇਂ | ਨੀ | ਸਾਂ | - | ਸਾਂ | - | ਰੇਂ | ਨੁੀ | - | ਧ | ਪ |
| ਰੁs | ਖs | ਅਗਿ | ਆs | s | ਨਾ | s | ਝੂ | s | ਠੇ | ਲਾ | s | ਲ | ਚ |
| ਧਪ | ਮਪ | ਧਪ | ਗੁ | - | ਰੇ | ਸ | ਗਮ | ਪੰਸਾ | ਨੀਸਾਂ | ਨੁੀ | ਪ | ਗਮ | ਗ |
| ਲਾs | ss | ਗਿ | ਕੇ | s | ਨ | ਹਿ | ਮਰ | ਨੁs | ਪs | ਛਾ | s | ਨਾs | s |

## ਰਾਗ ਸੂਹੀ ਕਾਫੀ

ਗੁਰੂ ਗ੍ਰੰਥ ਸਾਹਿਬ ਵਿਚ ਛਾਇਆਲਗ ਰਾਗਾਂ ਦੇ ਕਈ ਉਦਾਹਰਣ ਮਿਲਦੇ ਹਨ ਜਿਨ੍ਹਾਂ ਵਿਚੋਂ ਇਕ ਪ੍ਰਕਾਰ ਸੂਹੀ ਕਾਫੀ ਵੀ ਹੈ। ਵਿਦਵਾਨਾਂ ਨੇ ਇਸ ਰਾਗ ਦਾ ਵਰਗੀਕਰਣ ਅਪ੍ਰਸਿੱਧ ਜਾਂ ਅਪ੍ਰਚਲਿਤ ਰਾਗਾਂ ਵਿਚ ਕੀਤਾ ਹੈ। ਇਸ ਰਾਗ ਦੀ ਰਚਨਾ ਦੋ ਰਾਗਾਂ-ਸੂਹੀ ਅਤੇ ਕਾਫੀ ਦੇ ਮਧੁਰ ਮਿਸ਼ਰਣ ਦੁਆਰਾ ਹੋਈ ਹੈ ਜੋ ਕਿ ਇਸ ਦੇ ਸੰਯੁਕਤ ਨਾਮ ਤੋਂ ਹੀ ਭਲੀ ਭਾਂਤ ਸਪਸ਼ਟ ਹੁੰਦਾ ਹੈ। ਇਸ ਰਾਗ ਵਿਚ ਬਿਲਾਵਲ ਅੰਗ ਦੇ ਸੂਹੀ ਨਾਲੋਂ ਕਾਫੀ ਅੰਗ ਦੇ ਸੂਹੀ ਰਾਗ ਦਾ ਅੰਗ ਵਧੇਰੇ ਪ੍ਰਬਲ ਹੈ। ਇਸ ਕਾਰਣ ਸੰਗੀਤਾਚਾਰੀਆ ਨੇ ਇਸ ਰਾਗ ਦਾ ਵਰਗੀਕਰਣ ਕਾਫੀ ਥਾਟ ਦੇ ਅੰਤਰਗਤ ਕੀਤਾ ਹੈ। ਕਾਫੀ ਥਾਟ ਦੇ ਸੂਹੀ ਰਾਗ ਵਿਚ ਧੈਵਤ ਸੁਰ ਵਰਜਿਤ ਹੈ, ਪਰ ਸੂਹੀ ਕਾਫੀ ਵਿਚ ਧੈਵਤ ਦੀ ਅਲਪ ਵਰਤੋਂ ਹੁੰਦੀ ਹੈ। ਇਸ ਰਾਗ ਵਿਚ ਗੰਧਾਰ ਅਤੇ ਨਿਸ਼ਾਦ ਕੋਮਲ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਮੱਧਿਅਮ ਅਤੇ ਸੰਵਾਦੀ ਸ਼ਡਜ ਹੈ। ਇਸ ਦੇ ਆਰੋਹ ਵਿਚ ਧੈਵਤ ਸੁਰ ਵਰਜਿਤ ਕਰਨ ਦੀ ਪ੍ਰਥਾ ਹੈ ਅਤੇ ਅਵਰੋਹ ਵਿਚ ਸੱਤ ਹੀ ਸੁਰ ਵਰਤੇ ਜਾਂਦੇ ਹਨ ਇਸ ਲਈ ਇਸ ਦੀ ਜਾਤੀ ਸ਼ਾਡਵ-ਸੰਪੂਰਣ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਇਸ ਰਾਗ ਵਿਚ ਗੁਰੂ ਨਾਨਕ ਦੇਵ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਗੁਰੂ ਗ੍ਰੰਥ ਵਿਚ ਦਰਜ ਹੈ।

ਆਰੋਹ : ਸਾ ਰੇ ਗੁ, ਮ ਪ ਨੁ਼ੀ ਸਾਂ
ਅਵਰੋਹ : ਸਾਂ ਨੁ਼ੀ ਧ ਪ, ਮ ਗੁ ਰੇ ਸਾ
ਮੁੱਖ ਅੰਗ : ਨੁ਼ੀਪ, ਧਪ ਮਪ, ਗੁ ਰੇ ਸਾ

| ਰਾਗ ਸੂਹੀ ਕਾਫੀ | | | | | | | | | | | | ਰੂਪਕ ਤਾਲ | |
|---|---|---|---|---|---|---|---|---|---|---|---|---|---|
| x | | | 2 | | 3 | | x | | | 2 | | 3 | |
| ਸਥਾਈ | | | | | | | | | | | | | |
| ਨੁ਼ੀ | ਪ | ਪ | ਮ | ਪ | ਮਪ | ਧਪ | ਗੁ | ਗੁ | ਮਗੁ | ਰੇ | ਰੇ | ਨੀ | ਸਾ |
| ਹਉ | s | ਨ | ਛੋ | s | ਡs | ਉs | ਕੰs | s | ਤs | ਪਾ | ਸ | ਰਾ | s |
| ਰੇ | ਨੁ਼ੀ | ਸਾ | ਰੇ | - | ਰੇਪ | ਮਪ | ਗੁ | - | ਮਗੁ | ਰੇ | - | ਸਾ | - |
| ਸ | ਦਾ | ਰੰ | ਗੀ | s | ਲਾs | ss | ਲਾ | s | ਲs | ਪਿਆ | s | ਰਾ | s |
| ਮ | ਪ | ਪ | ਮ | ਪ | ਮਪ | ਸਾਂ | ਨੁ਼ੀਨੁ਼ੀਂ | ਪਨੁ਼ | ਸਾਂਰੇਂ | ਸਾਂਨੁ਼ੀ | ਧਪ | ਮਪ | ਗੁਮ |
| ਇ | ਹੁ | ਮੁ | ਹਿੰ | s | ਜਾs | s | ਆs | ss | ss | ਸs | ਰਾs | ss | ss |
| ਅੰਤਰਾ | | | | | | | | | | | | | |
| ਮ | ਪ | ਪ | ਨੁ਼ੀਨੁ਼ੀ | ਧਮ | ਪ | ਸਾਂ | ਸਾਂ | ਸਾਂ | - | ਸਾਂਰੇਂ | ਨੁ਼ੀ | ਸਾਂ | - |
| ਜੇ | - | ਭੁ | ਲੀ | ss | ਜੇ | s | ਚੁ | ਕੀ | s | ਸਾs | s | ਈ | s |
| ਪਨੁ਼ੀ | ਸਾਂਰੇਂ | ਰੇਂ | ਗੁਂ | ਮੰਗੁ | ਰੇਂ | ਸਾ | ਰੇਸਾਂ | ਨੁ਼ੀਸਾਂ | ਰੇਂਸਾ | ਨੁ਼ੀ | ਪ | ਪ | - |
| ਭੀs | ss | ਤ | ਹਿੰ | ss | ਜੀ | s | ਕਾ | ss | ਢੀs | ਆ | s | s | s |
| ਨੁ਼ੀ | ਮ | ਪ | ਮਪ | ਸਾਂ | ਨੁ਼ੀ | ਪ | ਗੁ | - | ਮਗੁ | ਰੇ | - | ਸਾ | - |
| ਜਿ | ਨਾ | s | ਨੇs | s | ਹੁ | ਦੂ | ਜਾ | s | ਣੇs | ਲ | s | ਗਾ | s |
| ਗੁ | ਮ | ਮ | ਨੁ਼ੀ | ਪ | ਮ | ਪ | ਨੁ਼ੀਨੁ਼ੀ | ਪਨੁ਼ੀ | ਸਾਂਰੇਂ | ਸਾਂਨੁ਼ੀ | ਧਪ | ਮਪ | ਗੁਮ |
| ਝੁ | ਰਿ | ਮ | ਰ | ਹੁ | ਸੇ | s | ਵਾs | ss | ss | ਢੀs | ਆs | ss | ss |

## ਗੁਰਮੁਖ ਢੂਢ ਢੂਢੇਦਿਆਂ

( Free Matrimonial Service )

**SUITABLE** match for Jat Sikh Girl (DOB-3.3.74, 166 cms.), MA (Psychology), UGC National Eligibility Test for Lecturership cleared, getting UGC Research Fellowship and doing Research for Ph.D. Convent educated. Father Prof. in Punjab University, mother retired Lecturer. ***Box : 0074***

**WANTED** well settled Gursikh match from Arora/Khatri family, preferably Jalandhar/ Ludhiana, for Arora Sikh Girl (24, 155cms.), slim Graduate and Diploma in Computer. ***Box : 0075***

**SUITABLE** non-trimmer, non-drinker match for Arora Sikh Girl (24, 5'-1.3/4"), slim, BA, Diploma in Architectural Assistanceship (3 years), Computer Course - one year 'O' Level, doing MA (Part I) and Kirtan knowing. Parents are Govt. pensioners. Forefathers migrated from Sargodha/Lyallpur. Preferred Jalandhar and Ludhiana. ***Box : 0076***

**SUITABLE** match for Khatri Girl (38, 5'-2"), BA, BEd., beautiful, fair, slim and well mannered. Employed as permanent teacher in Govt. School. Father retired Defence Officer and brothers well employed. ***Box : 0077***

**SUITABLE** match for Arora Boy (DOB-30.9.68, 5'-11"), very fair, BE (Electrical) & MBA, having his own well established Business. Father SE/Punjab Govt. ***Box : 0078***

**SUITABLE** non-trimmer, teetotaller, religious match for Convent educated, Postgraduate, Engineer Khatri Girl (25, 5'-6") of sophisticated cultured family. Employed as System Analyst in Software Co. ***Box : 0079***

**SUITABLE** Gursikh match upto 50 years for 50+/ 5'-4" healthy, financially secure, broadminded, educated, adjustable, status issueless, widower, issue if any acceptable. ***Box : 0080***

**SUITABLE** Gursikh match (Amritdhari not necessary) from Arora/Khatri family belonging to Punjab, preferably Jalandhar and around, well settled in service, good business, for Arora Sikh Girl (DOB- 9.12.74, 155 cms.), Graduate, slim, fair having sharp features. Appeared in Computer Diploma 'O' Level, Delhi University, studying MA. The only daughter of her parents, both Govt. retired/pensioners. ***Box : 0081***

**GURSIKH** match for an Amritdhari middle class Chowdhry Boy (25, 5'-9"), ITI Diploma undergraduate in Electronic Spareparts Business in Nabha. ***Box : 0082***

**WANTED** a Gursikh match for Amritdhari Arora Girl (25, 5'-5"), MCom, MFC, DISM, one year Computer Course. ***Box : 0083***

**SUITABLE** match for Chopra Girl (DOB-18.9.73, 5'-2"), Convent educated, MSc (I Div.), Computer Course, doing MEd. Father retired Add. Excise Com., settled in Ropar. ***Box : 0085***

**GURSIKH** match for fair, slim, smart, sober, intelligent, well versed in Household affairs, Graduate Girl (26+, 5'-4"),Pb. Govt. service, Diplomas- Electronics, 'O' level Computer, Library Science. Family from Jhelum (West Pakistan) now settled at Mohali. Father in Govt. service. Brothers Engineers. ***Box : 0086***

**SUITABLE** match for Amritdhari Girl (23, 5'-2"), BEMS, 4years Electropathy Medical Course, practising in Nursing Home, expert in Household activities. Dowry seekers, please excuse. ***Box : 0087***

**SUITABLE** match for Khatri Bassali, tall, smart and fair complexion Gursikh Graduate Boy (DOB 20.6.1964/Rangoon, 178 cm.). Running own business well established. Legally divorced with no liability. Father expired at Burma. Mother pious/religious lady. The only sister married and well settled in California U.S.A. Contact ***Box : 0088***

**Contact : Sardar Harbhajan Singh #1246, Sector : 22 B, Chandigarh**

Regd. No. Chandigarh Div./42/99 RNI Regd. No. 46788/89 ISSN-002045

Contains
1% Diethyl Phthalate

HARMFUL
IF TAKEN
INTERNALLY

80°
Contains
100 ml.

Rozelle

BLUE JEANS

® Treademark of Rozelle Cosmetics
Pvt. Ltd. 173 220 (INDIA)

EAU DE TOILETTE

*For all Trade enquiries and Distribution-ship please contact:*

**IPF - Vikram India Limited**

SCO: 423 - 424, IInd Floor,
Sector: 35-C, Chandigarh
Phone No.: ++ 91 - 0172 - 609113 - 115
Fax No.: ++ 91 - 0172 - 609112

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ

1699-1999
KHALSA
Tricentenary
BANK OF PUNJAB

Recognize All Humankind as One

# Celebrating banking relationships *built to last.*

LONGER BUSINESS HOURS

BOP MULTIPLIER

ATM
(24 hours cash deposit & withdrawal facility)

SWIFT
(Instant international funds transfer)

LOCKERS

BOP FIXED DEPOST

50 BANKING OFFICES ACROSS INDIA
5th
Best Bank among 97 in the Country*
OVER 2,50,000 SATISFIED CUSTOMERS

BOP COMFOT
Recurring Deposit

BEST BARGAIN AUTO LOANS

FAX BANKING/TELE BANKING

CASH MANAGEMENT SERVICES
(Quick clearance of outstaion cheques)

REMOTE CUSTOMER TERMINAL

BOP SAVINGS

* Source Business India Januray 11 to 24, 1999

## BANK OF PUNJAB LTD.

*We Value Relationships*

Visit us at : http//www.bankofpunjab.com